ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥


# ਸੂਰਾ

ਲੁਧਿਆਣਾ

MONTHLY **SURA** LUDHIANA

ਜਨਵਰੀ ੧੯੯੭

JANUARY 1997



ਹੱਥ-ਲਿਖਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧. ਗੁਰ ਸਬਦੀ ਹਰਿ ਪਾਇਆ ਜਾਇ | ੧ | ੧੧. ਚਾਹ ਵਿਚ ਕੈਮੀਕਲ ਅੰਸ਼ਾਂ ਦਾ ਵੇਰਵਾ | ੨੫ |
| ੨. ਅਰਥ ਵਿਆਖਿਆ | ੨ | ੧੨. ਸਿੱਖ ਧਰਮ ਵਿਚ ਕੇਸ | ੨੮ |
| ੩. ਗੁਰਮੰਤ੍ਰ ਅਤੇ ਗੁਰਬਾਣੀ | ੪ | ੧੩. The Sikh Code of Conduct | ੩੦ |
| ੪. ਦਸਮੇਸ਼ ਪਿਤਾ ਜੀ-ਅਖੰਡਤਾ ਤੇ ਸ਼ਕਤੀ ਦੇ ਪੁੰਜ | ੮ | ੧੪. ਗੁਰੂ ਗੋਬਿੰਦ ਸਿੰਘ ਜੀ ਦਾ ਸੰਖੇਪ ਜੀਵਨ ਬਿਰਤਾਂਤ | ੩੩ |
| ੫. ਨਿਰਵੈਰ ਤਲਵਰੀਆ | ੧੧ | ੧੫. ਸਿਮਰਨ ਦੀ ਬਰਕਤ | ੩੭ |
| ੬. ਦਸਮੇਸ਼ ਜੀ ਦੇ ਸਾਂਗੋ ਪਾਂਗ ਦਰਸ਼ਨ (ਕਵਿਤਾ) | ੧੬ | ੧੬. ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ | ੩੮ |
| ੭. ਮਹਾਨ ਸਖ਼ਸ਼ੀਅਤ ਦੀ ਮਹਾਨ ਯੋਜਨਾ | ੧੭ | ੧੭. ਬੇਨਤੀ | ੩੯ |
| ੮. ਸਾਧ ਸੰਗਤ ਤੇ ਗੁਰਦੁਆਰੇ | ੨੦ | ੧੮. ਗ਼ਜ਼ਲ | ੪੦ |
| ੯. ਆਉ ਸੰਭਲੀਏ। | ੨੨ | | |
| ੧੦. ਤਰਕਸ਼ੀਲਤਾ ਅਤੇ ਬਿਬੇਕਸ਼ੀਲਤਾ | ੨੩ | | |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਜੋੜ ਮੇਲਾ ਸ੍ਰੀ ਮੁਕਤਸਰ ੧੩ ਜਨਵਰੀ | ਜੋਤੀ ਜੋਤ ਭਗਤ ਨਾਮਦੇਵ ਜੀ (ਘੁਮਾਣ) ੧੪ ਜਨਵਰੀ |
| ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ੧੫ ਜਨਵਰੀ | ਜਨਮ ਬਾਬਾ ਦੀਪ ਸਿੰਘ ਜੀ ੧੬ ਜਨਵਰੀ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ: ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ. ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lambourne Gardens, Earley Reading, Berks U.K. Tel. ੦੧੭੩੪–੨੬੭੯੦੦
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੬੧੮੬੩੪੮੪੧.
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ :- ਮਾਇਆ 'ਸੂਰਾ' ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-2 ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੇ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ–੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੧
ਜਨਵਰੀ ੧੯੯੭
ਅੰਕ ੧

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

## ਗੁਰ ਸਬਦੀ ਹਰਿ ਪਾਇਆ ਜਾਇ

ਭਗਤਿ ਖਜਾਨਾ ਭਗਤਨ ਕਉ ਦੀਆ, ਨਾਉ ਹਰਿ ਧਨੁ ਸਚੁ ਸੋਇ।।
ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ, ਕਿਨੈ ਨ ਕੀਮਤਿ ਹੋਇ।।
ਨਾਮ ਧਨਿ ਮੁਖ ਉਜਲੇ ਹੋਏ, ਹਰਿ ਪਾਇਆ ਸਚੁ ਸੋਇ।। ੧।।
ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ।।
ਬਿਨੁ ਸਬਦੈ ਜਗੁ ਭੁਲਦਾ ਫਿਰਦਾ, ਦਰਗਹ ਮਿਲੈ ਸਜਾਇ।। ਰਹਾਉ।।
ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ, ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ।।
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ, ਕੋਇ ਨ ਸੁਣੈ ਪੂਕਾਰਾ।।
ਅੰਧਾ ਜਗਤੁ ਅੰਧੁ ਵਰਤਾਰਾ, ਬਾਝੁ ਗੁਰੂ ਗੁਬਾਰਾ।।੨।।
ਹਉਮੈ ਮੇਰਾ ਕਰਿ ਕਰਿ ਵਿਗੁਤੇ, ਕਿਹੁ ਚਲੈ ਨ ਚਲਦਿਆ ਨਾਲਿ।।
ਗੁਰਮੁਖਿ ਹੋਵੈ ਸੁ ਨਾਮੁ ਧਿਆਵੈ, ਸਦਾ ਹਰਿ ਨਾਮੁ ਸਮਾਲਿ।।
ਸਚੀ ਬਾਣੀ ਹਰਿ ਗੁਣ ਗਾਵੈ, ਨਦਰੀ ਨਦਰਿ ਨਿਹਾਲਿ।।੩।।
ਸਤਿਗੁਰ ਗਿਆਨੁ ਸਦਾ ਘਟਿ ਚਾਨਣੁ, ਅਮਰੁ ਸਿਰਿ ਬਾਦਿਸਾਹਾ।।
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ, ਰਾਮ ਨਾਮੁ ਸਚੁ ਲਾਹਾ।।
ਨਾਨਕ ਰਾਮਨਾਮਿ ਨਿਸਤਾਰਾ, ਸਬਦਿ ਰਤੇ ਹਰਿ ਪਾਹਾ।।੪।।੨।।

(ਸੋਰਠਿ ਮ: ੩, ਪੰਨਾ ੬੦੦)

ਪਦ ਅਰਥ :

ਸਚੁ – ਸਦਾ ਥਿਰ (ਕਾਇਮ) ਰਹਿਣ ਵਾਲਾ। ਅਖੁਟੁ – ਨਾ ਮੁੱਕਣ ਵਾਲਾ। ਨਿਖੁਟੈ ਨਾਹੀ – ਮੁੱਕਦਾ ਨਹੀਂ। ਮੁਖ ਉਜਲੇ ਹੋਏ – ਇੱਜ਼ਤ ਮਿਲਦੀ ਹੈ। ੧।

ਗੁਰ ਸਬਦੀ – ਗੁਰੂ ਦੇ ਸ਼ਬਦ ਰਾਹੀਂ। ਸਜਾਇ – ਸਜ਼ਾ, ਦੰਡ। ਰਹਾਉ।

ਦੇਹੀ – ਸਰੀਰ। ਵਸਹਿ – ਵੱਸਦੇ (ਰਹਿੰਦੇ) ਹਨ। ਅੰਮ੍ਰਿਤ – ਆਤਮਕ ਜੀਵਨ ਦੇਣ ਵਾਲਾ ਨਾਮ ਧਨ। ਮਨਮੁਖ – ਆਪਣੇ ਮਨ ਦੇ ਮਗਰ ਤੁਰਨ ਵਾਲਾ। ਅੰਧਾ – ਅੰਨ੍ਹਾ। ਗੁਬਾਰਾ – ਹਨ੍ਹੇਰਾ।੨।

ਵਿਗੁਤੇ – ਖੁਆਰ ਹੁੰਦੇ ਹਨ। ਕਿਹੁ – ਕੁਛ ਵੀ। ਗੁਰਮੁਖਿ – ਗੁਰੂ ਦੇ ਸਨਮੁਖ। ਸਮਾਲਿ – ਸਾਂਭ ਕੇ। ਨਿਹਾਲਿ – ਪ੍ਰਸੰਨ, ਸੁਖੀ।੩।

ਘਟਿ – ਹਿਰਦੇ ਵਿਚ। ਅਮਰੁ – ਹੁਕਮ। ਸਿਰਿ – ਸਿਰ ਉਤੇ। ਅਨਦਿਨੁ – ਹਰ ਰੋਜ਼। ਸਚੁ – ਸਦਾ ਕਾਇਮ ਰਹਿਣ ਵਾਲਾ। ਲਾਹਾ – ਲਾਭ। ਰਾਮਨਾਮਿ – ਪ੍ਰਭੂ ਦੇ ਨਾਮ ਦੀ ਰਾਹੀਂ। ਨਿਸਤਾਰਾ – ਪਾਰ ਉਤਾਰਾ। ਪਾਹਾ – ਪਾਸ, ਨੇੜੇ।੪।



www.AKJ.Org

## ਅਰਥ ਵਿਆਖਿਆ

ਅਰਥ : ਹੇ ਮੇਰੇ ਮਨ ! ਗੁਰੂ ਦੇ ਸ਼ਬਦ ਦੀ ਰਾਹੀਂ ਹੀ ਪਰਮਾਤਮਾ ਮਿਲ ਸਕਦਾ ਹੈ। ਸ਼ਬੰਦ ਤੋਂ ਬਿਨਾਂ ਜਗਤ ਕੁਰਾਹੇ ਪਿਆ ਹੋਇਆ ਭਟਕਦਾ ਫਿਰਦਾ ਹੈ ਅਤੇ ਪ੍ਰਲੋਕ ਜਾ ਕੇ ਰੱਬ ਦੀ ਦਰਗਾਹ ਵਿਚ ਸਜ਼ਾ ਪਾਉਂਦਾ ਹੈ। ਰਹਾਉ।

ਹੇ ਭਾਈ ! ਗੁਰੂ ਭਗਤ ਜਨਾਂ ਨੂੰ ਪ੍ਰਭੂ-ਭਗਤੀ ਦਾ ਖ਼ਜ਼ਾਨਾ ਦੇਂਦਾ ਹੈ, ਪ੍ਰਭੂ ਦਾ ਨਾਮ ਐਸਾ ਧਨ ਹੈ ਜੋ ਸਦਾ ਕਾਇਮ ਰਹਿੰਦਾ ਹੈ। ਹਰਿਨਾਮ ਧਨ ਅਖੁੱਟ ਹੈ, ਇਹ ਧਨ ਕਦੇ ਨਹੀਂ ਮੁਕਦਾ, ਕਿਸੇ ਕੋਲੋਂ ਇਸ ਦਾ ਮੁੱਲ ਵੀ ਨਹੀਂ ਪਾਇਆ ਜਾ ਸਕਦਾ। ਜਿਨ੍ਹਾਂ ਨੇ ਇਹ ਸਦਾ-ਥਿਰ ਹਰਿਨਾਮ-ਧਨ ਪ੍ਰਾਪਤ ਕਰ ਲਿਆ ਉਨ੍ਹਾਂ ਨੂੰ ਇਸ ਨਾਮ-ਧਨ ਸਦਕਾ ਲੋਕ ਪਰਲੋਕ ਵਿੱਚ ਇੱਜ਼ਤ ਮਿਲਦੀ ਹੈ।੧।

ਹੇ ਭਾਈ ! ਇਸ ਸਰੀਰ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਪੰਜ ਚੋਰ ਵੱਸਦੇ ਹਨ ਜਿਹੜੇ ਮਨੁੱਖ ਦੇ ਅੰਦਰ ਆਤਮਕ ਜੀਵਨ ਦੇਣ ਵਾਲਾ ਨਾਮ-ਧਨ ਲੁੱਟਦੇ ਰਹਿੰਦੇ ਹਨ, ਆਪਣੇ ਮਨ ਦੇ ਮਗਰ ਤੁਰਨ ਵਾਲੇ ਮਨੁੱਖ (ਮਨਮੁਖ ਬੰਦੇ) ਇਹ ਸਮਝਦੇ ਨਹੀਂ। ਜਦੋਂ ਸਭ ਕੁਝ ਲੁਟਾ ਕੇ ਉਹ ਦੁਖੀ ਹੁੰਦੇ ਹਨ ਤਾਂ ਕੋਈ ਉਨ੍ਹਾਂ ਦੀ ਪੁਕਾਰ ਨਹੀਂ ਸੁਣਦਾ ਭਾਵ ਸਹਾਇਤਾ ਨਹੀਂ ਕਰਦਾ। ਮਾਇਆ ਦੇ ਮੋਹ ਵਿੱਚ ਅੰਨ੍ਹਾ ਹੋਇਆ ਜਗਤ ਅੰਨ੍ਹਿਆਂ ਵਾਲੀਆਂ ਕਰਤੂਤਾਂ ਕਰਦਾ ਰਹਿੰਦਾ ਹੈ, ਗੁਰੂ ਤੋਂ ਬਿਨਾਂ ਆਤਮਕ ਜੀਵਨ ਦੇ ਰਾਹ ਵਿੱਚ ਹਨ੍ਹੇਰਾ ਪਸਰਿਆ ਰਹਿੰਦਾ ਹੈ।੨।

ਹਉਮੈ (ਹੰਕਾਰ) ਵਿੱਖ 'ਮੈਂ ਮੇਰੀ' ਕਰਦੇ ਮਨੁੱਖ ਖੁਆਰ ਹੁੰਦੇ ਰਹਿੰਦੇ ਹਨ ਪਰ ਸੰਸਾਰ ਤੋਂ ਤੁਰਨ ਵੇਲੇ ਕੋਈ ਵੀ ਚੀਜ਼ ਕਿਸੇ ਦੇ ਨਾਲ ਨਹੀਂ ਤੁਰਦੀ। ਜਿਹੜਾ ਮਨੁੱਖ ਗੁਰੂ ਦੇ ਸਨਮੁਖ (ਗੁਰਮੁਖ) ਰਹਿੰਦਾ ਹੈ ਉਹ ਸਦਾ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ। ਪ੍ਰਭੂ ਦੀ ਮੇਹਰ ਦੀ ਨਜ਼ਰ ਨਾਲ ਉਹ ਸਦਾ ਸੁਖੀ ਰਹਿੰਦਾ ਹੈ।੩।

ਜਿਨ੍ਹਾਂ ਦੇ ਹਿਰਦੇ ਵਿੱਚ ਗੁਰੂ ਦਾ ਬਖ਼ਸ਼ਿਆ ਗਿਆਨ ਸਦਾ ਚਾਨਣ ਕਰੀ ਰੱਖਦਾ ਹੈ ਉਨ੍ਹਾਂ ਦਾ ਹੁਕਮ ਬਾਦਸ਼ਾਹਾਂ ਦੇ ਸਿਰ ਉਪਰ ਭੀ ਚੱਲਦਾ ਹੈ, ਉਹ ਹਰ ਵੇਲੇ ਦਿਨ ਰਾਤ ਪ੍ਰਭੂ ਦੀ ਭਗਤੀ ਕਰਦੇ ਰਹਿੰਦੇ ਹਨ, ਉਹ ਹਰਿ-ਨਾਮ ਦਾ ਲਾਹਾ (ਲਾਭ) ਖੱਟਦੇ ਹਨ ਜੋ ਸਦਾ ਕਾਇਮ ਰਹਿੰਦਾ ਹੈ। ਨਾਨਕ ਮੋਹਰ ਛਾਪ ਹੇਠ ਤੀਜੇ ਪਾਤਸ਼ਾਹ ਕਹਿੰਦੇ ਹਨ ਕਿ ਪ੍ਰਭੂ ਦੇ ਨਾਮ ਰਾਹੀਂ ਸੰਸਾਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ। ਜਿਹੜੇ ਮਨੁੱਖ ਗੁਰੂ ਦੇ ਸ਼ਬਦ ਦੁਆਰਾ ਹਰਿ-ਨਾਮ ਰੰਗ ਵਿੱਚ ਰੰਗੇ ਰਹਿੰਦੇ ਹਨ ਪ੍ਰਭੂ ਉਨ੍ਹਾਂ ਦੇ ਨੇੜੇ ਵੱਸਦਾ ਹੈ।੪।੨।

ਵਿਆਖਿਆ : ਵੱਖੋ ਵੱਖ ਫਿਰਕਿਆਂ ਨੇ ਪ੍ਰਭੂ ਨੂੰ ਮਿਲਣ ਦੇ ਵੱਖਰੇ ਵੱਖਰੇ, ਰਾਹ ਦੱਸੇ ਹਨ। ਘਰ-ਬਾਰ ਛੱਡ ਕੇ ਜੰਗਲਾਂ ਵਿੱਚ ਜਾ ਵਸਣਾ, ਕੰਦ ਮੂਲ ਚਾ ਕੇ ਗੁਜਾਰਾ ਕਰਨਾ, ਭਗਵੇਂ ਕੱਪੜੇ ਪਾ ਕੇ ਜੋਗੀਆਂ ਵਾਲਾ ਭੇਸ ਬਣਾ ਲੈਣਾ, ਧੂਣੀਆਂ ਤਾਪਣੀਆਂ, ਪੁੱਠੇ ਲਟਕਣਾ, ਜਟਾਂ ਵਧਾ ਲੈਣੀਆਂ ਜਾਂ ਸਿਰ ਮੂੰਹ ਮੁਨਾ ਲੈਣਾ, ਬਰਤ ਰੱਖਣੇ, ਭੁੱਖੇ ਨੰਗੇ ਰਹਿ ਕੇ ਗੁਜ਼ਾਰਾ ਕਰਨਾ, ਤੀਰਥਾਂ ਦੇ ਇਸ਼ਨਾਨ ਕਰਨੇ, ਜੰਤਰ ਮੰਤਰ ਕਰਨੇ, ਮੰਦਰਾਂ ਵਿੱਚ ਟੱਲ ਖੜਕਾਉਣੇ ਤੇ ਹਵਨ ਕਰਨੇ, ਥਿੱਤਾਂ ਵਾਰਾਂ ਅਨੁਸਾਰ ਚੰਗੇ ਮੰਦੇ ਦਿਨਾਂ ਦੇ ਭਰਮ ਚੱਕਰਾਂ ਵਿੱਚ ਪੈ ਕੇ ਪੂਜਾ ਪਾਠ, ਦਾਨ ਪੁੰਨ ਕਰਨੇ, ਜੀਵਾਂ ਦੀ ਬਲੀ ਦੇਣੀ ਆਦਿ ਕਰਮ ਹਿੰਦੂਆਂ ਵਿੱਚ ਪ੍ਰਭੂ ਪ੍ਰਾਪਤੀ ਦੇ ਢੰਗ ਤਰੀਕੇ ਆਮ ਪ੍ਰਚੱਲਤ ਸਨ ਤੇ ਬਹੁਤੇ ਲੋਕੀ ਅੱਜ ਤੱਕ ਇਨ੍ਹਾਂ ਜੰਜਾਲਾਂ ਵਿੱਚ ਫਸੇ ਹੋਏ ਹਨ। ਨਾਨਕ ਨਿਰੰਕਾਰੀ ਨੇ ਇਨ੍ਹਾਂ ਤੌਰ ਤਰੀਕਿਆਂ ਤੋਂ ਵੱਖਰਾ ਤੇ ਸਿੱਧ ਪੱਧਰਾ ਰਾਹ ਲੋਕਾਂ ਨੂੰ ਦੱਸਿਆ, ਉਹ ਸੀ ਘਰ-ਬਾਰ (ਗ੍ਰਿਹਸਤ) ਵਿੱਚ ਰਹਿੰਦੇ ਹੋਏ ਗੁਰੂ ਦੇ 'ਸ਼ਬਦ' ਨਾਲ ਲਿਵ ਜੋੜ ਕੇ ਸੰਸਾਰ ਸਮੁੰਦਰ ਤੋਂ ਪਾਰ ਹੋਣਾ। ਗੁਰੂ ਨਾਨਕ ਦੇਵ ਜੀ ਨੇ ਬਾਂਹ ਉਲਾਰ ਕੇ ਕਿਹਾ -

"ਭਵਜਲੁ ਬਿਨੁ ਸਬਦੈ ਕਿਉ ਤਰੀਐ।। (ਪੰਨਾ ੧੧੨੫)

ਭਾਵ ਸੰਸਾਰ ਸਮੁੰਦਰ 'ਸ਼ਬਦ' ਤੋਂ ਬਿਨਾਂ ਨਹੀਂ ਪਾਰ ਕੀਤਾ ਜਾ ਸਕਦਾ।

ਉਹ ਕਿਹੜਾ ਸ਼ਬਦ ਹੈ ? .... ਉਹ ਸ਼ਬਦ ਹੈ ਗੁਰਉਪਦੇਸ਼, ਗੁਰਦੀਖਿਆ। ਗੁਰੂ ਦੀ ਬਾਣੀ ਗੁਰ-ਉਪਦੇਸ਼ ਹੈ, ਇਸ ਉਪਦੇਸ਼ ਦੀ ਰਾਹੀਂ ਆਤਮਕ ਗਿਆਨ ਪ੍ਰਾਪਤ ਹੁੰਦਾ ਹੈ, ਮਨ ਤੇ ਪਈ ਵਿਕਾਰਾਂ ਦੀ ਮੈਲ ਉਤਰ ਜਾਂਦੀ ਹੈ, ਮਨ ਨਿਰਮਲ ਹੋ ਜਾਂਦਾ ਹੈ ਅਤੇ ਸੁਰਤਿ 'ਸ਼ਬਦ' ਵਿੱਚ ਟਿਕ ਜਾਂਦੀ ਹੈ। ਇਹ ਸ਼ਬਦ ਹੈ 'ਗੁਰਮੰਤ੍ਰ' ਜੋ ਗੁਰਦੀਖਿਆ ਵਜੋਂ ਗੁਰੂ ਆਪਣੇ ਸਿੱਖ ਨੂੰ ਦ੍ਰਿੜ ਕਰਵਾਉਂਦਾ ਹੈ ਭਾਵ ਜੋ ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਹਿਬ ਦੀ ਹਜ਼ੂਰੀ ਵਿੱਚ ਅੰਮ੍ਰਿਤ ਅਭਿਲਾਸ਼ੀਆਂ ਨੂੰ ਦ੍ਰਿੜ ਕਰਵਾਉਂਦੇ ਹਨ।

ਗੁਰ ਅਮਰਦਾਸ ਜੀ ਫੁਰਮਾਉਂਦੇ ਹਨ -

ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ।।
ਬਿਨੁ ਸਬਦੈ ਜਗੁ ਭੁਲਦਾ ਫਿਰਦਾ,
ਦਰਗਹ ਮਿਲੈ ਸਜਾਇ।। ਰਹਾਉ।।

ਭਾਵ ਗੁਰੂ ਦੇ ਸ਼ਬਦ ਦੀ ਰਾਹੀਂ ਹੀ ਪਰਮਾਤਮਾ



www.AKJ.Org

ਮਿਲ ਸਕਦਾ ਹੈ। ਸ਼ਬਦ ਤੋਂ ਬਿਨਾ ਜਗਤ ਕੁਰਾਹੇ ਪਿਆ ਹੋਇਆ ਭਟਕਦਾ ਫਿਰਦਾ ਹੈ ਅਤੇ ਰੱਬ ਦੀ ਦਰਗਾਹ ਵਿੱਚ ਜਾ ਕੇ ਸਜ਼ਾ ਪਾਉਂਦਾ ਹੈ।

ਗੁਰੂ ਕੇ ਸਿੱਖ ਗੁਰੂ ਵੱਲੋਂ ਦ੍ਰਿੜ ਕਰਵਾਏ ਨਾਮ ਨੂੰ ਜਪ ਜਪ ਕੇ ਨਾਮ-ਧਨ ਨਾਲ ਆਪਣਾ ਗੱਲਾ (ਪੈਸਿਆਂ ਵਾਲੀ ਪੇਟੀ) ਭਰਦੇ ਜਾਂਦੇ ਹਨ। ਗੁਰੂ ਦੀ ਮੇਹਰ ਸਦਕਾ ਉਨ੍ਹਾਂ ਕੋਲ ਨਾਮ ਦਾ ਖ਼ਜ਼ਾਨਾ ਹੋ ਜਾਂਦਾ ਹੈ। ਨਾਮ-ਧਨ ਦਾ ਖ਼ਜ਼ਾਨਾ ਐਸਾ ਹੈ ਜੋ ਪਾਣੀ ਵਿੱਚ ਡੁੱਬਦਾ ਨਹੀਂ, ਜਿਸ ਨੂੰ ਕੋਈ ਚੋਰ ਉਚੱਕਾ ਚੁਰਾ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ, ਸਦਾ ਹੀ ਪ੍ਰਾਣੀ ਦੇ ਨਾਲ ਰਹਿੰਦਾ ਹੈ। ਇਹ ਕੰਗਾਲ ਵਾਸਤੇ ਧਨ ਹੈ, ਅੰਨ੍ਹੇ ਵਾਸਤੇ ਡੰਗੋਰੀ ਹੈ ਜਿਵੇਂ ਬੱਚੇ ਵਾਸਤੇ ਮਾਂ ਦਾ ਦੁੱਧ ਹੈ। ਗੁਰੂ ਕਾ ਸ਼ਬਦ ਭਵਸਾਗਰ ਪਾਰ ਕਰਨ ਵਾਸਤੇ ਜਹਾਜ਼ ਹੈ।

ਗੁਰ ਕਾ ਬਚਨੁ ਬਸੈ ਜੀਅ ਨਾਲੇ।।
ਜਲਿ ਨਹੀ ਡੂਬੈ, ਤਸਕਰੁ ਨਹੀ ਲੇਵੈ,
ਭਾਹਿ ਨ ਸਾਕੈ ਜਾਲੇ।।੧।।ਰਹਾਉ।।
ਨਿਰਧਨ ਕਉ ਧਨੁ, ਅੰਧੁਲੇ ਕਉ ਟਿਕ
ਮਾਤ ਦੂਧੁ ਜੈਸੇ ਬਾਲੇ।।
ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ
ਕਰੀ ਕ੍ਰਿਪਾ ਕਿਰਪਾਲੇ।।੨।।੧।।੩੨।। (ਪੰਨਾ ੬੭੯)

ਹਰਿਨਾਮ ਧਨ ਕਦੇ ਮੁੱਕਦਾ ਨਹੀਂ, ਕੋਈ ਇਸ ਦਾ ਮੁੱਲ ਵੀ ਨਹੀਂ ਪਾ ਸਕਦਾ, ਨਾਮ-ਧਨ ਸਦਕਾ ਗੁਰੂ ਕੇ ਸਿੱਖਾਂ ਨੂੰ ਲੋਕ ਪਰਲੋਕ ਵਿੱਚ ਇੱਜ਼ਤ ਮਾਣ ਮਿਲਦਾ ਹੈ। ਅਸਲੀ ਅਮੀਰ ਵੀ ਉਹੀ ਮਨੁੱਖ ਹਨ ਜਿਨ੍ਹਾਂ ਦੇ ਪੱਲੇ ਨਾਮ ਧਨ ਹੈ ਭਾਵ ਜਿਨ੍ਹਾਂ ਦੇ ਹਿਰਦੇ ਵਿੱਚ ਹਰਿ-ਨਾਮ ਵਸਿਆ ਹੋਇਆ ਹੈ। ਧੋਖੇ ਫਰੇਬ ਨਾਲ ਇਕੱਠਾ ਕੀਤੇ ਧਨ ਦੌਲਤ ਵਾਲੇ ਤਾਂ ਫਕੀਰ (ਕੰਗਾਲ) ਹਨ।

**ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ।।**
**ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ।।**
(ਪੰਨਾ ੧੩੮੭)

ਪ੍ਰਭੂ ਦਾ ਨਾਮ ਅੰਮ੍ਰਿਤ ਹੈ, ਇਸ ਦੇ ਜਪਣ ਨਾਲ ਮਨੁੱਖ ਦੀ ਮਾਇਆ ਦੇ ਬੰਧਨਾਂ ਤੋਂ ਮੁਕਤੀ ਹੋ ਜਾਂਦੀ ਹੈ, ਮਨੁੱਖ ਪਰਮ-ਪਦ ਦੀ ਪ੍ਰਾਪਤੀ ਕਰ ਕੇ ਜੰਮਣ ਮਰਨ ਦੇ ਗੇੜ ਵਿੱਚੋਂ ਬਾਹਰ ਨਿਕਲ ਜਾਂਦਾ ਹੈ, ਅਮਰ ਹੋ ਜਾਂਦਾ ਹੈ।

ਮਨੁੱਖ ਦੇ ਅੰਦਰ ਪੰਜਾਂ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦਾ ਵਾਸਾ ਹੈ ਜਿਹੜੇ ਨਾਮ-ਧਨ ਲੁੱਟਦੇ ਰਹਿੰਦੇ ਹਨ। ਮਨਮੁਖ ਇਸ ਗੱਲ ਨੂੰ ਸਮਝਦੇ ਨਹੀਂ ਅਤੇ ਗੁਰੂ ਤੋਂ ਬਿਨਾਂ ਹਨ੍ਹੇਰੇ ਵਿੱਚ ਠੇਡੇ ਖਾਂਦੇ ਫਿਰਦੇ ਹਨ, ਅੰਨ੍ਹਿਆਂ ਵਾਲੀਆਂ ਕਰਤੂਤਾਂ ਕਰਦੇ ਦੁਖੀ ਹੁੰਦੇ ਹਨ, ਕੋਈ ਵੀ ਉਨ੍ਹਾਂ ਦੀ ਪੁਕਾਰ ਨਹੀਂ ਸੁਣਦਾ।

ਹਰਨ, ਮੱਛੀ, ਭੌਰਾ, ਪਤੰਗਾ, ਹਾਥੀ, ਇੱਕ ਇੱਕ ਐਬ ਦੇ ਕਾਰਨ ਆਪਣਾ ਨਾਸ ਕਰਵਾ ਬੈਠਦੇ ਹਨ। ਹਰਨ ਘੰਡੇਹੜੇ ਦੀ ਸੁਰੀਲੀ ਆਵਾਜ਼ ਤੇ ਮੋਹਿਤ ਹੋ ਕੇ ਉਸ ਵੱਲ ਭੱਜਦਾ ਹੈ ਤਾਂ ਸ਼ਿਕਾਰੀ ਦੇ ਤੀਰ ਨਾਲ ਵਿੰਨ੍ਹਿਆ ਜਾਂਦਾ ਹੈ। ਮੱਛੀ ਜੀਭ ਦੇ ਸੁਆਦ ਕਾਰਨ ਮੱਛੀਆਂ ਫੜਨ ਵਾਲੇ ਦੀ ਕੁੰਡੀ ਵਿੱਚ ਫਸ ਕੇ ਆਪਣੀ ਜਾਨ ਗੁਆ ਬੈਠਦੀ ਹੈ, ਭੌਰਾ ਫੁੱਲਾਂ ਦੀ ਵਾਸ਼ਨਾ ਸੁੰਘਦਾ ਸੁੰਘਦਾ ਅਜੇਹੇ ਫੁੱਲ ਤੇ ਜਾ ਬੈਠਦਾ ਹੈ ਜਿਹੜਾ ਉਸ ਦੇ ਬੈਠਦੇ ਹੀ ਬੰਦ ਹੋ ਜਾਂਦਾ ਹੈ ਤੇ ਉਸ ਦਾ ਸਾਹ ਘੁੱਟਿਆ ਜਾਂਦਾ ਹੈ, ਪਤੰਗਾ ਦੀਵੇ ਦੀ ਲੋ ਤੇ ਆਸ਼ਕ ਹੋ ਕੇ ਸੜ ਬੈਠਦਾ ਹੈ, ਹਾਥੀ ਕਾਮ (ਵਿਸ਼ੇ) ਵਿੱਚ ਅੰਨ੍ਹਾ ਹੋਇਆ ਬਨਾਉਟੀ ਹਥਨੀ ਵਲ ਭੱਜਾ ਆਉਂਦਾ ਖੂਹ ਵਿਚ ਜਾ ਪੈਂਦਾ ਹੈ। ਇਹ ਪਸ਼ੂ ਪੰਛੀ ਤਾਂ ਕੇਵਲ ਇੱਕ ਇੱਕ ਐਬ - ਸੁਣਨ, ਚੱਖਣ, ਸੁੰਘਣ, ਦੇਖਣ, ਕਾਮ ਵਾਸ਼ਨਾ ਕਾਰਨ ਹੀ ਆਪਣੀ ਜਾਨ ਗੁਆ ਬੈਠਦੇ ਹਨ ਪਰ ਮਨੁੱਖ ਨੂੰ ਤਾਂ ਇਹ ਪੰਜੇ ਅਸਾਧ ਰੋਗ ਚੰਬੜੇ ਹੋਏ ਹਨ। ਇਸ (ਮਨੁੱਖ) ਦੇ ਬਚਣ ਦੀ ਕਦ ਤੱਕ ਆਸ ਹੋ ਸਕਦੀ ਹੈ ?

**ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ, ਏਕ ਦੋਖ ਬਿਨਾਸ।।**
**ਪੰਚ ਦੋਖ ਅਸਾਧ ਜਾ ਮਹਿ, ਤਾ ਕੀ ਕੇਤਕ ਆਸ।।੧।।**
(ਆਸਾ, ਰਵਿਦਾਸ ਜੀ, ਪੰਨਾ ੪੮੬)

ਮਨੁੱਖ ਵਿੱਚ ਹਉਮੈ ਦਾ ਰੋਗ ਸਭ ਤੋਂ ਵੱਧ ਹੈ। ਹਉਮੈ ਵਿੱਚ ਮੱਤਾ ਮਨੁੱਖ ਮੈਂ-ਮੇਰੀ ਵਿੱਚ ਫਸਿਆ ਖੱਜਲ-ਖੁਆਰ ਹੁੰਦਾ ਹੈ ਪਰ ਅੰਤ ਵੇਲੇ ਕੋਈ ਵੀ ਚੀਜ਼ ਇਸ ਦੇ ਨਾਲ ਨਹੀਂ ਜਾਂਦੀ। ਧਨ ਦੌਲਤ, ਹਾਥੀ ਘੋੜੇ, ਮਹਿਲ ਮਾੜੀਆਂ, ਸਕੂਟਰ ਕਾਰਾਂ ਸਭ ਇੱਥੇ ਹੀ ਰਹਿ ਜਾਂਦੇ ਹਨ, ਪੁੱਤਰ, ਧੀਆਂ, ਇਸਤਰੀ, ਭੈਣ ਭਰਾ, ਸਾਕ ਸੰਬੰਧੀ ਸਭ ਸਾਥ ਛੱਡ ਜਾਂਦੇ ਹਨ।

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ
ਸਦਾ ਰਹਤ ਸੰਗ ਲਾਗੀ।।
ਜਬ ਹੀ ਹੰਸ ਤਜੀ ਇਹ ਕਾਂਇਆ,
ਪ੍ਰੇਤ ਪ੍ਰੇਤ ਕਰਿ ਭਾਗੀ।। ੨।।
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ
ਜਾ ਸਿਉ ਨੇਹੁ ਲਗਾਇਓ।।
ਅੰਤ ਬਾਰ ਨਾਨਕ ਬਿਨੁ ਹਰਿ ਜੀ,
ਕੋਊ ਕਾਮਿ ਨ ਆਇਓ।।੩।।੧੨।।੧੩੯।
(ਪੰਨਾ ੬੩੪)

ਜਿਹੜੇ ਮਨੁੱਖ ਗੁਰੂ ਦੇ ਲੜ ਲੱਗ ਕੇ, ਅੰਮ੍ਰਿਤ

(ਬਾਕੀ ਪੰਨਾ ੪੦ ਤੇ)



www.AKJ.Org

# ਗੁਰਮੰਤ੍ਰ ਅਤੇ ਗੁਰਬਾਣੀ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਸਾਰੀ ਗੁਰਬਾਣੀ ਗੁਰ-ਉਪਦੇਸ਼ ਰੂਪ ਹੈ ਤੇ ਗੁਰਬਾਣੀ ਅੰਦਰ ਆਏ ਸਮੂਹ ਗੁਰ-ਸ਼ਬਦ ਭੀ ਗੁਰ-ਉਪਦੇਸ਼ ਰੂਪ ਹਨ ਅਤੇ ਗੁਰਬਾਣੀ ਅੰਦਰਲੇ ਸਮੂਚੇ ਸ਼ਬਦ ਗੁਰਬਾਣੀ ਰੂਪ ਹਨ। ਨਾਮ (ਗੁਰਮੰਤ੍ਰ) ਭੀ ਗੁਰਬਾਣੀ ਰੂਪ ਹੈ। ਗੁਰੂ ਮੁਖੋਂ ਉਚਾਰਨ ਹੋਇਆ ਧੁਰ ਹੁਕਮੋਂ ਉਤਾਰਨ ਹੋਇਆ ਹਰ ਇਕ ਸ਼ਬਦ ਗੁਰਬਾਣੀ ਰੂਪ ਹੈ। ਗੁਰਬਾਣੀ ਖ਼ੁਦ ਭੀ ਗੁਰ-ਸ਼ਬਦ ਰੂਪ ਹੈ। ਹਰ ਇਕ ਗੁਰ-ਸ਼ਬਦ ਭੀ ਗੁਰਬਾਣੀ ਰੂਪ ਹੈ। ਪ੍ਰੰਤੂ ਸਮੂਹ ਗੁਰਬਾਣੀ ਅਤੇ ਗੁਰਬਾਣੀ ਦੇ ਸ਼ਬਦ ਇਕ ਖ਼ਾਸ ਗੁਰ-ਸ਼ਬਦ, ਗੁਰਮੰਤ੍ਰ ਰਥਾਤ ਗੁਰਮਤਿ ਨਾਮ ਨੂੰ ਦ੍ਰਿੜ੍ਹਾਉਂਦੇ ਹਨ, ਜੋ ਸਮੱਗਰ ਬਾਣੀ ਦਾ ਤਤਸਾਰ ਹੈ, ਜੋ ਗੁਰ-ਸ਼ਬਦ ਕਿ ਅੰਮ੍ਰਿਤ ਛਕਾਉਣ ਸਮੇਂ ਗੁਰਮੰਤ੍ਰ ਵਜੋਂ ਪੰਜਾਂ ਪਿਆਰਿਆਂ ਦੇ ਮੁਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਅੰਮ੍ਰਿਤ ਅਧਿਕਾਰੀ ਨੂੰ ਦ੍ਰਿੜ੍ਹਾਇਆ ਜਾਂਦਾ ਹੈ। ਇਹੋ ਗੁਰਮੰਤ੍ਰ ਗੁਰਮਤਿ ਨਾਮ ਹੈ, ਜਿਸ ਦੇ ਸੁਆਸ ਸੁਆਸ ਅਭਿਆਸ ਦਾ ਸਮੱਗਰ ਬਾਣੀ ਹੁਕਮ ਰੂਪੀ ਤੱਤ ਉਪਦੇਸ਼ ਦਿੰਦੀ ਹੈ। ਜਿਸ ਗੁਰਮੰਤ੍ਰ ਨੂੰ ਕਿਸੇ ਜਗਿਆਸੂ ਤਾਈਂ ਦੇਣ ਯਾ ਦ੍ਰਿੜ੍ਹਾਉਣ ਦਾ ਕਿਸ ਇਕੱਲੇ ਦੇਹਧਾਰੀ ਨੂੰ ਅਧਿਕਾਰ ਨਹੀਂ।

ਪਰ ਇਹ ਨਹੀਂ ਕਹਿ ਸਕਦੇ ਕਿ ਗੁਰਬਾਣੀ ਤੋਂ ਵਖਰਾ ਕੋਈ ਇਕ ਗੁਰ-ਸ਼ਬਦ ਨਹੀਂ। ਗੁਰਬਾਣੀ ਤੋਂ ਵਖਰਾ ਨਹੀਂ, ਗੁਰਬਾਣੀ ਦੇ ਵਿਚੇ ਹੀ ਹੈ, ਪਰ ਅੰਮ੍ਰਿਤ ਬਾਣੀ ਦਾ ਤੱਤ-ਸਾਰ, ਪਰਮ ਅੰਮ੍ਰਿਤ ਤੱਤ, ਜਿਸ ਨੂੰ ਸਾਰੀ ਗੁਰਬਾਣੀ ਦ੍ਰਿੜ੍ਹਾਉਂਦੀ ਹੈ ਤੇ ਜਿਸ ਅੰਮ੍ਰਿਤ ਤੱਤ-ਸਾਰ-ਸ਼ਬਦ ਨੂੰ ਸਾਰੀ ਬਾਣੀ ਦੇ ਸ਼ਬਦ ਵਿਲੱਖਣ ਰੂਪ ਵਿਚ ਲਖਾਉਂਦੇ ਹਨ।

**ਗੁਰਮੰਤ੍ਰ ਦਾ ਵਿਲੱਖਣ ਰੂਪ -**

ਗੁਰਬਾਣੀ ਦੇ ਪਾਠ ਤੋਂ ਸਾਫ਼ ਪਤਾ ਲਗ ਜਾਂਦਾ ਹੈ ਕਿ ਗੁਰਬਾਣੀ ਦੇ ਸ਼ਬਦ, ਗੁਰਬਾਣੀ ਤੇ ਗੁਰਸ਼ਬਦ ਦੀ ਮਹਿਮਾ ਤੇ ਮਹੱਤਤਾ ਵਖੋ ਵਖ ਦਰਸਾਉਂਦੇ ਤੇ ਗੁਰਸ਼ਬਦ (ਗੁਰਮੰਤ੍ਰ) ਨੂੰ ਨਿਆਰਾ ਕਰ ਕੇ ਲਖਾਉਂਦੇ ਹਨ :-

(੧) ਜੀਵਨ ਮੁਕਤਿ ਗੁਰ ਸਬਦੁ ਕਮਾਏ।। (੮।।੫।।੧੪)

(ਮਾਰੂ ਮਹਲਾ ੩, ਪੰਨਾ ੧੦੫੮)

ਇਥੇ ਗੁਰ-ਸ਼ਬਦ ਦੀ ਕਮਾਈ ਵਿਲੱਖਣ ਰੂਪ ਵਤ ਹੈ। ਗੁਰ-ਸ਼ਬਦ ਤੋਂ ਭਾਵ ਗੁਰਮੰਤ੍ਰ ਗੁਰਮਤਿ ਨਾਮ ਹੈ। "ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ।।" (ਪੰਨਾ ੧੦੫੮) ਏਥੇ ਭੀ ਗੁਰਬਾਣੀ ਤੇ ਨਾਮ ਦੀ ਮਹੱਤਤਾ ਨਿਆਰੀ ਹੈ, ਅਰਥਾਤ ਗੁਰਬਾਣੀ ਦੁਆਰਾ ਪ੍ਰਮਾਤਮਾ ਦੀ ਪ੍ਰਾਪਤੀ ਹੈ, ਕਿਉਂਕਿ ਗੁਰਬਾਣੀ ਹੀ "ਹਰਿ ਜਪੁ ਜਾਪਿ ਸਮਾਹਾ ਹੇ" ਦੀ ਜੁਗਤੀ ਦਸਦੀ ਹੈ।

(੨) ਮਾਇਆ ਮੋਹੁ ਸਬਦਿ ਜਲਾਏ।।.....

ਸਾਚੀ ਬਾਣੀ ਨਾਮ ਪਿਆਰਿ।।੧।।(੪।।੬)

(ਬਸੰਤ ਮਹਲਾ ੩, ਪੰਨਾ ੧੧੭੩)

ਇਥੇ ਸ਼ਬਦ ਤੋਂ ਭਾਵ ਨਾਮ ਗੁਰ ਮੰਤ੍ਰ ਦਾ ਹੈ ਕਿ ਨਾਮ ਦੁਆਰਾ, ਗੁਰ-ਸ਼ਬਦ ਦੁਆਰਾ ਮਾਇਆ ਮੋਹ ਜਲਾਈਦਾ ਹੈ ਅਤੇ "ਸਫਲਿਉ ਬਿਰਖੁ ਹਰਿ ਕੈ ਦੁਆਰਿ" (ਪੰਨਾ ੧੧੭੩) ਦੀ ਕਿਸ ਬਿਧਿ ਬਿਉਂਤ ਬਣ ਆਉਂਦੀ ਹੈ - "ਸਾਚੀ ਬਾਣੀ ਨਾਮ ਪਿਆਰਿ।।" (ਪੰਨਾ ੧੧੭੩) ਅਰਥਾਤ ਸੱਚੀ ਬਾਣੀ ਦੇ ਨਾਮ ਦੇ ਪਿਆਰ (ਪ੍ਰੇਮ-ਕਮਾਈ) ਦੁਆਰਾ।

(੩) ਹਰਿ ਹਰਿ ਨਾਮੁ ਧਿਆਇ ਗੁਰਬਾਣੀ

ਨਿਤ ਨਿਤ ਚਵਾ ਬਲਿ ਰਾਮ ਜੀਉ....।।੧।।

(ਸੂਹੀ ਮ: ੪ ਛੰਤ, ਪੰਨਾ ੭੭੩)

ਏਸ ਗੁਰ ਪ੍ਰਮਾਣ ਅੰਦਰ ਭੀ ਨਾਮ (ਗੁਰ-ਸ਼ਬਦ) ਅਤੇ ਬਾਣੀ ਦੀ ਭਿੰਨ ਭਿੰਨ ਮਹਿਮਾ ਵਰਨਣ ਹੈ, "ਹਰਿ ਹਰਿ ਨਾਮ ਧਿਆਇ" ਅਤੇ "ਗੁਰਬਾਣੀ ਨਿਤ ਨਿਤ ਚਵਾ" ਦਾ ਵਖੋ ਵਖ ਭਾਵ ਨਾਮ ਧਿਆਉਣਾ, ਅਰਥਾਤ ਗੁਰ-ਸ਼ਬਦ ਗੁਰਮੰਤ੍ਰ ਦਾ ਸੁਆਸ ਸੁਆਸ ਅਭਿਆਸ ਕਰਨਾ ਅਤੇ ਨਿਤਾਪ੍ਰਤਿ ਗੁਰਬਾਣੀ ਗਾਵਣਾ ਹੈ। ਗੁਰਬਾਣੀ ਸੁਆਸ ਸੁਆਸ ਨਹੀਂ ਗਾਈ ਜਾ ਸਕਦੀ, ਸਾਸ ਗ੍ਰਾਸ ਕੇਵਲ ਗੁਰਮੰਤ੍ਰ ਦਾ ਅਭਿਆਸ ਹੀ ਸੰਭਵ ਹੈ। "ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ।।" (ਪੰਨਾ ੭੭੩) ਅਰਥਾਤ ਕਾਇਆ ਰੂਪੀ ਸੇਜ ਨੂੰ ਸਦਾ ਸੁਖ ਗੁਰ-ਸ਼ਬਦ, ਭਾਵ ਨਾਮ ਅਭਿਆਸ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਕਿਉਂਕਿ ਪਾਰਸ-ਨਾਮ ਦੇ ਅਭਿਆਸ ਅੰਦਰ ਅੰਮ੍ਰਿਤ-ਕਲਾ ਹੈ। ਇਸ ਅੰਮ੍ਰਿਤ-ਕਲਾ ਦੁਆਰਾ ਘਟ ਅੰਤਰ ਅੰਮ੍ਰਿਤ ਰਸ ਵਿਗਸਦਾ ਹੈ, ਜਿਸ ਨੂੰ ਨਾਮ ਦੇ ਅਭਿਆਸੀ ਹੀ ਜਾਣਦੇ ਹਨ।

**ਗੁਰਬਾਣੀ ਪਾਠ ਦਾ ਲਾਭ -**

(੪) ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ।।

ਜਿਨਿ ਪੀਤੀ ਤਿਸੁ ਮੋਖ ਦੁਆਰ।।੫।।(੮।।੧।।੪)

(ਮਲਾਰ ਮ: ੧ ਅਸ਼ਟ: ਪੰਨਾ ੧੨੭੫)

ਭਾਵ ਸਪਸ਼ਟ ਹੈ। ਗੁਰਬਾਣੀ ਭੀ ਅੰਮ੍ਰਿਤ ਰੂਪ



www.AKJ.Org

ਹੈ। "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।" (ਪੰਨਾ ੯੮੨) ਗੁਰਬਾਣੀ ਦੇ ਪਠਨ ਮਾਤਰ (ਪੜ੍ਹਨ ਮਾਤਰ) ਨਾਲ ਹੀ ਅੰਮ੍ਰਿਤ-ਕਲਾ ਵਰਤ ਜਾਂਦੀ ਹੈ। ਨਿਸ ਦਿਨ ਗੁਰਬਾਣੀ ਦਾ ਅਖੰਡ ਪਾਠ ਕਰੀ ਜਾਣਾ ਤਾਂ ਅਗਾਧ ਅੰਮ੍ਰਿਤ-ਕਲਾ ਵਰਤਾਉਂਦਾ ਹੈ। ਜਿਨ੍ਹਾਂ ਗੁਰਬਾਣੀ ਦੇ ਪਾਠ ਦੀ ਅਖੰਡ ਕਮਾਈ ਕੀਤੀ ਹੈ, ਤਿਨ੍ਹਾਂ ਨੇ ਗਟਾਕ ਰਸ, ਅੰਮ੍ਰਿਤ ਦਾ ਰਸ ਪੀਤਾ ਹੈ ਅਤੇ ਜਿਉਂ ਜਿਉਂ ਗੁਰਬਾਣੀ ਦੀ ਅਖੰਡ-ਪਾਰਸ-ਕਲਾ ਵਰਤੀ ਹੈ, ਤਿਉਂ ਤਿਉਂ ਨਾਮ ਦਾ ਖੰਡਾ ਅਭਿਆਸੀ ਜਨਾਂ ਦੇ ਘਟ ਅੰਤਰ ਹੋਰ ਭੀ ਜ਼ੋਰੋ ਜ਼ੋਰ ਆਪਣੇ ਆਪ ਖੜਕਦਾ ਹੈ, ਯਥਾ ਗੁਰਵਾਕ - "ਗੁਰਮੁਖਿ ਬਾਣੀ ਨਾਦੁ ਵਜਾਵੈ।।" (ਪੰਨਾ ੧੦੫੮) ਨਾਮ ਅੰਮ੍ਰਿਤ ਦੇ ਖੜਗੋਸ਼ੀਆਂ ਨੂੰ ਗੁਰਬਾਣੀ ਹੋਰ ਭੀ ਅਤਿ ਤਿੱਠੀ ਅਤੇ ਪਿਆਰੀ ਲਗਦੀ ਹੈ। ਨਾਮ ਦੇ ਰਸਿਕ-ਬੈਰਾਗੀਆਂ ਨੂੰ ਅੰਮ੍ਰਿਤ ਬਾਣੀ ਦਾ ਅੰਮ੍ਰਿਤ-ਰਸ ਹੋਰ ਵਧੀਕ ਆਉਂਦਾ ਹੈ। ਅੱਲੜ੍ਹ ਜਗਿਆਸੂ ਭੀ ਜੋ ਗੁਰਬਾਣੀ ਦੇ ਪਾਠ ਵਿਚ ਜੁਟ ਜਾਣ ਤਦ ਭੀ ਅੰਮ੍ਰਿਤ ਬਾਣੀ ਦਾ ਅਸਰ ਆਹਲਾ ਨਹੀਂ ਜਾਂਦਾ, ਪਾਰਸ ਬਾਣੀ ਜੂ ਹੋਈ, ਉਸ ਨੇ ਪਾਰਸ-ਕਲਾ ਜ਼ਰੂਰ ਵਰਤਾਉਣੀ ਹੈ। ਏਥੇ ਸੋਚ ਵਿਚਾਰ ਅਥਵਾ ਬਾਣੀ ਦੀ ਅਰਥਾਬੰਦੀ ਦੀ ਲੋੜ ਨਹੀਂ, ਧੁਰ ਦੀ ਬਾਣੀ ਦੀ ਅਰਥਾਬੰਦੀ ਹੀ ਕੀ ? ਸਰਬੱਗਯ ਮਹਾਂ ਪੁਰਖਾਂ ਦੀ ਬਾਣੀ ਦਾ ਅਰਥ ਅਲਪੱਗ ਮਾਣੂਆਂ ਨੇ ਆਪਣੀ ਮਨ ਦੀ ਮਤਿ ਅਨੁਸਾਰ ਹੀ ਲਾਉਣਾ ਹੋਇਆ, ਜੋ ਗੁਰਮਤਿ ਤੋਂ ਕੋਸੋਂ ਦੂਰ ਰਹਿ ਜਾਂਦਾ ਹੈ। ਤਾਂਤੇ ਗੁਰਬਾਣੀ ਦਾ ਪਠਨ ਮਾਤ੍ਰ ਹੀ ਦਰਕਾਰ ਹੈ। ਪਾਰਸ ਨੇ ਆਪਣੀ ਪਾਰਸ-ਸ਼ਕਤੀ ਦੁਆਰਾ ਕਲਾ ਵਰਤਾਉਣੀ ਹੀ ਹੈ, ਕੇਵਲ ਉਸ ਨੂੰ ਪਰਸਣ ਦੀ ਲੋੜ ਹੈ। ਰਸਨਾ ਤੇ ਆਈ ਗੁਰਬਾਣੀ ਅੰਮ੍ਰਿਤ ਕਲਾ ਪ੍ਰਗਟਾਇਕ ਹੈ। ਮੁਖ ਰਸਨਾ ਦੁਆਰਾ ਉਚਾਰਨ ਕਰਿ ਹੀ ਗੁਰਮੰਤ੍ਰ ਬਾਣੀ ਰੂਪ ਹੈ।

**ਗੁਰਮੰਤ੍ਰ ਦਾ ਅਭਿਆਸ -**

ਗੁਰਮੰਤ੍ਰ ਨੂੰ ਪ੍ਰਿਥਮ ਰਸਨਾ ਦੁਆਰਾ ਹੀ ਰਟਨ ਕੀਤਾ ਜਾਂਦਾ ਹੈ। ਰਟਨ ਮਾਤ੍ਰ ਕਰਿ ਗੁਰਮੰਤ੍ਰ ਘਟ ਅੰਤਰ ਅੰਮ੍ਰਿਤ-ਰਸ ਉਪਜਾਇਕ ਹੈ। ਇਹ ਗੁਰਮੰਤ੍ਰ ਗੁਰਬਾਣੀ ਦੀ ਅੰਮ੍ਰਿਤ-ਗੋਝ-ਕਲਾ ਫ਼ਿਲਾਸਫ਼ੀ ਹੈ। ਇਹ ਨਾਮ ਅਭਿਆਸੀ ਸਾਇੰਸ, ਫ਼ਿਲਾਸਫ਼ੀਆਂ ਨਾਲੋਂ ਨਿਰਾਲੀ ਤੇ ਵਿਲੱਖਣ ਹੈ।

(੫) ਗੁਰ ਕੀ ਬਾਣੀ ਸਿਉ ਲਾਇ ਪਿਆਰੁ।।
**ਐਥੈ ਓਥੈ ਏਹੁ ਅਧਾਰੁ** (।।੩।।੧੭।।੭।।੨੪)
(ਪ੍ਰਭਾਤੀ ਮਹਲਾ ੩, ਪੰਨਾ ੧੩੩੫)

ਏਥੇ ਗੁਰ ਕੀ ਬਾਣੀ ਦਾ ਭਾਵ **'ਗੁਰ ਕੀ ਬਾਣੀ** ਸਬਦਿ ਵਖਾਣੀ' ਦਾ ਹੈ। ਨਿਰੋਲ ਗੁਰਬਾਣੀ ਦਾ **ਪਿਆਰ** ਭੀ ਅਹਿਨਿਸ ਗੁਰਬਾਣੀ ਦਾ ਵਖਾਨਣਾ **ਅਥਵਾ** ਗੁਰਬਾਣੀ ਦੁਆਰਾ ਦ੍ਰਿੜ੍ਹਾਏ ਨਾਮ ਦਾ **ਅਖੰਡ ਜਾਪ** ਅਭਿਆਸ ਕਰਨਾ ਹੈ।

(੬) ਗੁਰੁ ਪੂਰਾ ਪੂਰੀ ਤਾ ਕੀ ਕਲਾ।।
ਗੁਰ ਕਾ ਸਬਦੁ ਸਦਾ ਸਦ ਅਟਲਾ।।
ਗੁਰ ਕੀ ਬਾਣੀ ਜਿਸੁ ਮਨਿ ਵਸੈ।।
ਦੂਖੁ ਦਰਦੁ ਸਭੁ ਤਾ ਕਾ ਨਸੈ।।੧।।(੪।।੮)
(ਪ੍ਰਭਾਤੀ ਮਹਲਾ ੫, ਪੰਨਾ ੧੩੩੯-੪੦)

ਏਥੇ ਗੁਰ ਕਾ ਸ਼ਬਦ ਤੋਂ ਭਾਵ ਗੁਰ-ਸ਼ਬਦ ਅਰਥਾਤ ਗੁਰਮੰਤ੍ਰ ਗੁਰਮਤਿ ਨਾਮ ਹੈ। ਇਸ ਵਿਚ ਪੂਰੀ ਅੰਮ੍ਰਿਤ-ਕਲਾ ਸਦਾ ਸਦ ਅਟੱਲ ਰਹਿਣ ਵਾਲੀ ਅੰਮ੍ਰਿਤ-ਰਸ-ਉਪਜਾਇਕ ਅਤੇ ਆਤਮਿਕ ਦਰਸਾਇਕ, ਪ੍ਰਮਾਤਮ ਲਖਾਇਕ, ਸਾਂਗੋ ਪਾਂਗ ਸਨਮੁਖ ਰਖਾਇਕ ਕਲਾ ਹੈ। "ਗੁਰ ਕੀ ਬਾਣੀ ਜਿਸੁ ਮਨਿ ਵਸੈ" ਤੋਂ ਭਾਵ ਇਹ ਹੈ ਕਿ ਗੁਰਬਾਣੀ ਸੇਤੀ ਜਿਸ ਦਾ ਮਨ ਮਾਨਿਆ ਹੈ, ਜਿਸ ਦੀ ਸੱਚੀ ਸ਼ਰਧਾ ਗੁਰਬਾਣੀ ਉਪਰ ਆਈ ਹੈ, ਜਿਸ ਨੂੰ ਗੁਰਬਾਣੀ ਮਿੱਠੀ ਲਗੀ ਹੈ, ਜਿਸ ਨੇ ਸਤਿਗੁਰੂ ਦੀ ਬਾਣੀ ਸਤਿ ਸਤਿ ਕਰਿ ਮੰਨੀ ਹੈ, ਦੁਖ ਦਰਦ ਤਿਸ ਦਾ ਸਭ ਹੀ ਨਠ ਜਾਂਦਾ ਹੈ, ਕਿਉਂਕਿ ਗੁਰਬਾਣੀ ਦੇ ਮਨ ਅੰਦਰ ਵਸਣ ਕਰਕੇ ਹੀ ਨਾਮ ਦ੍ਰਿੜ੍ਹ ਹੁੰਦਾ ਹੈ। ਗੁਰਬਾਣੀ ਦੀ ਪਰਮ ਆਗਿਆ, ਗੁਰਬਾਣੀ ਦਾ ਪਰਮ ਤੱਤ-ਸਾਰ *'ਨਾਮ ਜਪਣਾ'* ਹੈ। ਤਿਨ੍ਹਾਂ ਨੇ ਹੀ ਗੁਰਬਾਣੀ **ਸਤਿ ਸਤਿ** ਕਰਿ ਮੰਨੀ ਹੈ, ਜਿਨ੍ਹਾਂ ਨੇ ਗੁਰਬਾਣੀ ਦੇ **ਨਾਮ ਜਪਣ** ਰੂਪੀ ਹੁਕਮ ਉਤੇ ਪਹਿਰਾ ਦਿਤਾ ਹੈ, ਅਰਥਾਤ **ਜਿਨ੍ਹਾਂ** ਨੂੰ ਨਾਮ ਜਪਣਾ ਦ੍ਰਿੜ੍ਹ ਹੋ ਗਿਆ ਹੈ।

ਗੁਰਬਾਣੀ ਅਤੇ ਗੁਰ-ਸ਼ਬਦ (ਗੁਰਮੰਤ੍ਰ ਨਾਮ) ਦਾ ਪਾਰਸ-ਕਲਾ ਲਖਾਇਕ ਭਾਵ ਇਕੋ ਹੀ ਹੈ, ਪ੍ਰੰਤੂ ਦਾਤਿ ਜੋਤਿ ਲਖਾਉਣੀ ਜੁਗਤ ਵਿਚ ਭਿੰਨਤਾ ਹੈ। ਗੁਰਬਾਣੀ ਕੇਵਲ ਬੈਖਰੀ ਬਾਣੀ ਅਰਥਾਤ ਮੁਖ ਅਤੇ ਰਸਨਾ ਕਰਕੇ ਹੀ ਰਟੀ ਜਪੀ ਜਾ ਸਕਦੀ ਹੈ, ਪ੍ਰੰਤੂ ਗੁਰ-ਸ਼ਬਦ ਦਾ ਅਭਿਆਸ ਰਸਨਾ ਦੁਆਰਾ ਭੀ ਹੋ ਸਕਦਾ ਹੈ, ਸੁਆਸਾਂ ਤੇ ਸੁਰਤੀ ਦੁਆਰਾ ਭੀ ਹੋ ਸਕਦਾ ਹੈ। ਗੁਰ-ਸ਼ਬਦ ਦੇ ਅਭਿਆਸ ਦੁਆਰਾ ਸਾਸ ਸਾਸ ਲੇਖੇ **ਲਗ** ਜਾਂਦਾ ਹੈ। ਇਕ ਸੁਆਸ ਵੀ ਬਿਰਥਾ ਨਹੀਂ ਜਾਂਦਾ, ਕਿਉਂਕਿ ਗੁਰਮੰਤ੍ਰ ਅਰਥਾਤ ਗੁਰਮਤਿ ਨਾਮ **ਅਭਿਆਸ**


www.AKJ.Org

ਊਠਤ ਬੈਠਤ ਸੋਵਤ ਜਾਗਤ ਸਾਸ ਗ੍ਰਾਸ ਹੋ ਸਕਦਾ ਹੈ, ਰਸਨਾ ਦੁਆਰਾ, ਅਥਵਾ ਸੁਆਸਾਂ ਦੁਆਰਾ ਯਾ ਸੁਰਤੀ ਦੁਆਰਾ।

**ਅਠ-ਪਹਿਰੀ ਕੁੰਜੀ-**

ਅੰਮ੍ਰਿਤ ਵੇਲੇ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ ਅਭਿਆਸ ਕੀਤਾ ਹੋਇਆ ਮਾਨੋ ਅਠ-ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਭਾਣ ਸੁਤੇ ਸੁਭਾਵ ਹੀ ਨਾਮ ਅਭਿਆਸੀ ਦੀ ਸੁਆਸਾਂ ਰੂਪੀ ਘੜੀ ਦਾ ਪੈਂਡਲੂਮ ਪੰਚ-ਦੂਤ-ਦਮਨੀ ਖੰਡੇ ਦੀ ਖੜਕਾਰ ਵਾਲੀ ਸਹਿਜ ਰਫ਼ਤਾਰ ਵਿਚ ਚਲਦਾ ਰਹਿੰਦਾ ਹੈ।

ਖ਼ਾਸ ਕਰ ਜਿਨ੍ਹਾਂ ਗੁਰਮਤਿ ਜਗਿਆਸੂਆਂ ਨੂੰ ਖੰਡੇ ਦੇ ਅੰਮ੍ਰਿਤ-ਸਿੰਚਾਰ (ਛਕਣ) ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਨਾਮ ਅਭਿਆਸ ਦ੍ਰਿੜ੍ਹ ਹੋ ਚੁਕਾ ਹੋਵੇ, ਉਨ੍ਹਾਂ ਦੇ ਘਟ ਅੰਤਰ ਤਾਂ ਉਸੇ ਦਿਨ ਦੀ ਅਖੰਡ ਚਾਬੀ ਲਗ ਗਈ ਜਾਣੋ। ਉਨ੍ਹਾਂ ਲਈ ਅੰਮ੍ਰਿਤ ਵੇਲੇ ਦੀ ਨਾਮ ਅਭਿਆਸ ਕਮਾਈ ਸੋਨੇ ਤੇ ਸੁਹਾਗੇ ਦਾ ਰੰਗ ਦਿੰਦੀ ਹੈ।

**ਨਾਮ ਦੇ ਅਭਿਆਸ ਸਬੰਧੀ ਗੁਰਬਾਣੀ ਦੇ ਪਾਠ ਦਾ ਅਸਰ-**

ਨਾਮ ਦੇ ਅਭਿਆਸੀਆਂ ਲਈ ਗੁਰਬਾਣੀ ਦੀ ਸ੍ਰੋਤ ਅਥਵਾ ਪਾਠ-ਕਮਾਈ ਭੀ ਨਾਮ ਦੇ ਰੰਗਾਂ ਨੂੰ ਅਕਹਿ ਜੋਤਿ-ਰਸਿਕ-ਜਲਵਿਆਂ ਵਿਚ ਪ੍ਰਜੁਲਤ ਕਰਾਉਂਦੀ ਹੈ, ਨਾਮਹੀਣ ਯਾ ਨਾਮ-ਕਮਾਈ-ਹੀਣ ਗੁਰਮਤਿ ਜਗਿਆਸੂਆਂ ਦੇ ਸੁਆਸਾਂ ਨੂੰ ਗੁਰਬਾਣੀ ਉਤਨਾ ਚਿਰ ਹੀ ਸਫਲ ਕਰਾਉਣ ਵਿਚ ਸਹਾਈ ਹੈ, ਜਿਤਨਾ ਚਿਰ ਕਿ ਗੁਰਬਾਣੀ ਦਾ ਰਟਨ ਅਥਵਾ ਸ੍ਰਵਣ ਪ੍ਰਾਪਤ ਹੈ। ਜਿਉਂ ਜਿਉਂ ਤੇ ਜਿਤਨਾ ਚਿਰ ਗੁਰਬਾਣੀ ਦਾ ਸ੍ਰਵਣ, ਪਠਨ ਰੂਪੀ ਸਪੱਰਸ਼ ਹੁੰਦਾ ਰਹਿੰਦਾ ਹੈ, ਤਿਉਂ ਤਿਉਂ ਜਗਿਆਸੂ ਦੀ ਬੁੱਧੀ ਹੋਰ ਤੇ ਹੋਰ ਸੈਕਲ ਹੁੰਦੀ ਰਹਿੰਦੀ ਹੈ। ਗੁਰਬਾਣੀ ਪਾਰਸ ਰੂਪ ਜੁ ਹੋਈ, ਪਰੰਤੂ ਸਮੁਚੇ ਸੁਆਸ ਲੇਖੇ ਨਹੀਂ ਲਗਦੇ, ਅਰਥਾਤ ਸੁਆਸ ਸੁਆਸ ਬਾਣੀ ਦਾ ਅਭਿਆਸ ਅਸੰਭਵ ਹੈ। ਗੁਰਬਾਣੀ ਦਾ ਭਾਵ ਹਿਰਦੇ ਵਿਚ ਉਤਨਾ ਚਿਰ ਹੀ ਪ੍ਰਬਲ ਰਹਿੰਦਾ ਹੈ ਜਿਤਨਾ ਚਿਰ ਗੁਰਬਾਣੀ ਦਾ ਸੇਵਨ ਹੁੰਦਾ ਰਹੇ। ਇਸ ਅਰਸੇ ਵਿਚ ਮਨ ਮੈਗਲ (ਹਾਥੀ ਰੂਪ ਮਨ) ਔਝੜ ਪੈਂਦਾ ਰਹਿੰਦਾ ਹੈ। ਇਸ ਮਨ-ਮੈਗਲ ਉਤੇ ਖਿਨ ਖਿਨ ਗੁਰ-ਸ਼ਬਦ ਰੂਪ ਅਭਿਆਸ ਦੇ ਅੰਕਸ ਦੀ ਸੱਟ ਪੈਂਦੀ ਰਹੇ ਤਦੇ ਹੀ ਇਹ ਵਸਗਤਿ ਹੁੰਦਾ ਹੈ। ਗੁਰਬਾਣੀ ਦੀਆਂ ਅੰਮ੍ਰਿਤ-ਪਾਰਸ-ਸੱਟਾਂ ਭੀ ਇਸ ਨੂੰ ਸੈਕਲ ਕਰਨ ਹਿਤ ਬਹੁਤ ਕੁਛ ਸਹਾਈ ਹਨ। ਅਤੇ ਗੁਰਬਾਣੀ ਦਾ ਭਾਵ ਹਰ ਵਕਤ ਹਿਰਦੇ ਅੰਦਰ ਅੰਕਿਤ ਨਹੀਂ ਰਹਿ ਸਕਦਾ। ਇਸ ਕਰਕੇ ਅੰਮ੍ਰਿਤ-ਬਾਣੀ ਆਪਣੇ ਅੰਮ੍ਰਿਤ-ਸਫੁਟ-ਤੱਤ, ਅਰਥਾਤ ਗੁਰਮਤਿ ਨਾਮ ਨੂੰ ਜੋ ਦ੍ਰਿੜ੍ਹਾਉਂਦੀ ਹੈ ਉਸ ਤੇ ਅਮਲ ਕੀਤਿਆਂ ਹੀ ਸੁਆਸ ਸਫਲਾ ਹੋ ਸਕਦਾ ਹੈ। ਨਾਮ ਦੀ ਰਸਿਕ ਜੋਤਿ ਪ੍ਰਜੁਲਤ ਹੋਣ ਤਕ ਸਿਲ ਅਲੂਣੀ ਚੱਟਣੀ ਲਗਦੀ ਹੈ। ਜਦੋਂ ਜੋਤਿ ਰਸ ਪ੍ਰਜੁਲਤ ਹੋ ਗਿਆ, ਫੇਰ ਇਸ ਜੋਤਿ-ਰਸ ਦੇ ਆਸਰੇ ਨਾਮ-ਨੁਮਾ ਰਸ "ਛੋੜਿਆ ਨਾ ਜਾਇ" ਦੀ ਬਿਵਸਥਾ ਵਿਚ ਆ ਕੇ ਮਨ-ਮੈਗਲ ਨੂੰ ਭਲੀ ਬਿਧ ਵਸਗਤਿ ਕਰ ਲੈਂਦਾ ਹੈ ਅਤੇ ਸੁਰਤਿ ਸੁਆਸ ਦੀ ਪੱਕੀ ਇਕਾਗ੍ਰਤਾ ਸਹਿਜ ਮਤੇ ਹੀ ਆਣ ਪ੍ਰਾਪਤ ਹੁੰਦੀ ਹੈ। ਮੁਢ-ਪ੍ਰਭਾਵ-ਤੁਫ਼ੈਲੀ ਬਰਕਤ ਸਭ ਗੁਰਬਾਣੀ ਦੀ ਹੈ। ਅਤੇ ਫੇਰ ਭੀ ਗੁਰਬਾਣੀ ਦੀ ਸਦਾ ਸਹਾਇਤਾ ਕਮਾਈ ਦਰਕਾਰ ਹੈ। "ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥" (ਪੰਨਾ ੬੨੮) ਗੁਰਬਾਣੀ ਦਾ ਕੀਰਤਨ ਨਾਮ ਅਭਿਆਸ ਨੂੰ ਦੂਣ-ਸਵਾਏ ਰੰਗ ਵਿਚ ਨਿਤਾਪ੍ਰਤ ਵਧਾਉਂਦਾ ਰਹਿੰਦਾ ਹੈ। ਨਾਮ ਰੰਗ ਦੀ ਅਤੇ ਨਾਮ-ਜੋਤਿ ਰਸ ਬਿਵਸਥਾ ਦੀ ਥਾਹ ਹਦ ਕੁਛ ਨਹੀਂ, ਪਰੇ ਤੋਂ ਪਰੇ ਲੀਲ੍ਹਾ ਹੈ।

(੭) ਭਗਤ ਜਨਾ ਕੀ ਊਤਮ ਬਾਣੀ
ਜੁਗਿ ਜੁਗਿ ਰਹੀ ਸਮਾਈ॥੨੦॥
ਬਾਣੀ ਲਾਗੈ ਸੋ ਗਤਿ ਪਾਏ
ਸਬਦੇ ਸਚਿ ਸਮਾਈ ॥੨੧॥
(ਰਾਮਕਲੀ ਮਹਲਾ ੩, ਪੰਨਾ ੯੦੯-੧੦)

"ਭਗਤ ਜਨਾ ਕੀ ਊਤਮ ਬਾਣੀ" ਤੋਂ ਭਾਵ ਧੁਰ ਕੀ ਬਾਣੀ ਗੁਰਬਾਣੀ ਹੀ ਹੈ, ਜੋ ਗੁਰੂ ਰੂਪੀ ਭਗਤਾਂ (ਹਰੀ ਜਨਾਂ) ਦੁਆਰਾ ਅਵਤਰੀ ਹੈ। ਦੂਜੀ ਤੁਕ ਅੰਦਰ ਦੱਸਿਆ ਹੈ ਕਿ ਜਿਹੜੇ ਇਸ ਪਾਰਸ ਰੂਪੀ ਗੁਰਬਾਣੀ ਨਾਲ ਸਪੱਰਸ਼ ਹੋਏ ਹਨ (ਬਾਣੀ ਲਾਗੈ ਸੋ ਗਤਿ ਪਾਏ) ਉਨ੍ਹਾਂ ਦੀ ਪਰਮ ਗਤੀ ਹੋ ਗਈ ਹੈ। ਗੁਰਬਾਣੀ ਦੁਆਰਾ ਦ੍ਰਿੜਾਏ ਸ਼ਬਦ ਦੇ ਤੁਫ਼ੈਲ ਉਨ੍ਹਾਂ ਦੀ ਸਚ ਵਿਖੇ ਸਮਾਈ ਹੋਈ ਹੈ। ਸੱਚ ਤੋਂ ਭਾਵ ਨਾਮ-ਨਾਮੀ ਅਭੇਦ ਤੋਂ ਹੈ। "ਕਾਇਆ ਨਗਰੀ ਸਬਦੇ ਖੋਜੇ ਨਾਮ ਨਵੰ ਨਿਧਿ ਪਾਈ।" (ਪੰਨਾ ੯੧੦) ਇਸ ਦਾ ਪ੍ਰਮਾਰਥੀ ਭਾਵ ਗੁਰ-ਸ਼ਬਦ ਗੁਰ-ਮੰਤ੍ਰ ਦੇ ਅਭਿਆਸ ਦੁਆਰਾ ਘਟ ਅੰਤਰ ਘਟ ਪ੍ਰਗਾਸ ਹੋਣ ਤੋਂ ਹੈ। ਓਹੀ ਨਾਮ ਕੋਇ ਜੋਤਿ ਜਗੰਨਾ, ਹੀਰਾ ਰਤਨ ਮਣੀਆ ਹੋ ਕੇ ਆਸ਼ਕਾਰਾ ਹੁੰਦਾ ਹੈ। ਇਸ ਜੋਤਿ-ਪ੍ਰਕਾਸ਼ੀ-ਨਾਮ ਦੇ ਪ੍ਰਭਾਵ ਕਰਕੇ ਨੌਂ ਨਿਧੀਆਂ ਅਤੇ ਰਿਧੀਆਂ ਸਿਧੀਆਂ



www.AKJ.Org

ਪਰਛਾਵੇਂ ਦੀ ਨਿਆਈਂ ਅਭਿਆਸੀ ਜਨਾਂ ਦੇ ਮਗਰ ਲਗੀਆਂ ਫਿਰਦੀਆਂ ਹਨ। ਪਰ ਉਹਨਾਂ 'ਤਿਲ ਨ ਤਮਾਇ' ਜੋਤਿ ਪ੍ਰਕਾਸ਼ੀ ਨਾਮ ਤੁਲ ਹੋਰ ਕਿਹੜੀ ਨਿਧੀ ਹੈ, ਸਰਬ ਨਿਧੀਆਂ ਦਾ ਨਿਧਾਨ ਨਾਮ ਹੈ, ਜੋ ਅੰਤਰ-ਆਤਮੇ ਆਣ (ਉਦੋਤ) ਪ੍ਰਗਟ ਹੋਇਆ। ਗੁਰ-ਮੰਤ੍ਰ ਰੂਪੀ ਨਾਮ ਸ਼ਬਦ ਦੀ ਅਭਿਆਸ ਕਮਾਈ ਕਰ ਕੇ ਇਹ ਜੋਤਿ-ਪ੍ਰਕਾਸ਼ਕ-ਵਿਸਮਾਦੀ-ਆਨੰਦ ਰੰਗ ਬਝਦੇ ਹਨ। ਏਸ ਦਸ਼ਾ ਅੰਦਰ ਭੀ ਅਭਿਆਸੀ ਦਾ ਨਾਮ ਸੁਰਤੀ ਦੁਆਰਾ ਜਾਰੀ ਰਹਿੰਦਾ ਹੈ ਅਤੇ ਜੋਤਿ-ਰਸਿਕ ਰੰਗਾਂ ਵਿਚ ਸਿਧੰਨਾ (ਸਧਾਇਆ ਹੋਇਆ) ਨਾਮ ਅਗਾਧ ਅਨੰਦ, ਪਰਮ ਅਨੰਦ ਵਿਖੇ ਜਾ ਸਮਾਧੀ ਕਰਾਉਂਦਾ ਹੈ, ਜਿਸ ਦੀ ਥਾਹ ਕੋਈ ਨਹੀਂ। ਨਾ ਹੀ ਅਭਿਆਸ ਦਾ ਹੱਦ-ਬੰਨਾ ਕੋਈ ਹੈ, ਨਾ ਹੀ ਜੋਤਿ ਮੰਤ੍ਰ ਅਨੰਦ ਦੀ ਅਸਥਿਰਤਾ ਦੀ ਕੋਈ ਥਾਹ ਹੈ। ਇਸ ਬਿਵਸਥਾ ਅੰਦਰ ਲੀਣ ਹੋਇਆ "ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ।।" (ਪੰਨਾ ੯੧੦) ਵਾਲੀ ਸਹਿਜ ਅਵਸਥਾ ਬਝਦੀ ਹੈ ਅਤੇ "ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ।।"(ਪੰਨਾ ੯੧੦) ਵਾਲੇ ਦਿਬ-ਜੋਤੀ ਲੋਇਣ ਓਥੇ ਜਾ ਕੇ ਹੀ ਖੁਲ੍ਹਦੇ ਹਨ ਅਤੇ "ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ।।" (ਪੰਨਾ ੯੧੦) ਵਾਲੀ ਜੀਵਨ-ਮੁਕਤ ਜੋਤੀ ਜੋਤਿ ਸਮਾਏ ਰਹਿਣ, ਸਦਾ ਸਮਾਏ ਰਹਿਣ ਵਾਲਾ ਉਚ ਮੈਅਰਾਜ ਪ੍ਰਾਪਤ ਹੁੰਦਾ ਹੈ।

(੮) ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ।।
ਬਾਣੀ ਤ ਗਾਵਹੁ ਗੁਰੂ ਕੇਰੀ
ਬਾਣੀਆ ਸਿਰਿ ਬਾਣੀ।।
(ਰਾਮਕਲੀ ਮ: ੩ ਅਨੰਦੁ, ਪੰਨਾ ੯੨੦)

ਏਸ "ਬਾਣੀਆ ਸਿਰਿ ਬਾਣੀ" ਗੁਰਬਾਣੀ ਦੀ ਕੀਰਤਨ-ਕਲਾ ਦੁਆਰਾ ਨਾਮ-ਅੰਮ੍ਰਿਤ ਦੇ ਰੰਗ ਬਝਦੇ ਹਨ ਅਤੇ ਅਜਪਾ ਜਾਪ ਦਾ ਅਸਲ ਅਨੰਦ ਏਥੇ ਹੀ ਬੱਝ ਹੁੰਦਾ ਹੈ।

(੯) ਬਾਣੀ ਬਿਰਲਉ ਬੀਚਾਰਸੀ
ਜੇ ਕੋ ਗੁਰਮੁਖਿ ਹੋਇ।।
ਇਹ ਬਾਣੀ ਮਹਾ ਪੁਰਖ ਕੀ
ਨਿਜ ਘਰਿ ਵਾਸਾ ਹੋਇ।।੪੦।।
(ਰਾਮਕਲੀ ਮ: ੧ ਦਖਣੀ ਓਅੰਕਾਰ, ਪੰਨਾ ੯੩੫)

ਇਸ ਗੁਰ-ਪ੍ਰਮਾਣ ਅੰਦਰ ਨਿਰੂਪਨ ਕੀਤਾ ਹੈ ਕਿ ਮਹਾਂ-ਪੁਰਖਾਂ ਦੀ ਬਾਣੀ ਉਪਰ ਕਿਸੇ ਵਿਰਲੇ ਗੁਰਮੁਖ ਜਨ ਦੀ ਹੀ ਸੱਚੀ ਸ਼ਰਧਾ-ਭਾਵਨੀ ਆਉਂਦੀ ਹੈ। ਜਿਨ੍ਹਾਂ ਦੀ ਸ਼ਰਧਾ-ਭਾਵਨੀ ਬੱਝੀ ਉਹਨਾਂ ਨੇ ਇਸ ਬਾਣੀ ਵਿਚੋਂ ਹੀ ਸਭ ਕੁਝ ਪਾਇਆ ਹੈ ਅਤੇ ਇਸ ਬਾਣੀ ਦੇ ਪਰਤਾਪ ਕਰਿ ਹੀ ਨਿਜ ਘਰ ਵਾਸਾ ਪ੍ਰਾਪਤ ਕੀਤਾ ਹੈ।

(੧੦) ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ।।
ਗੁਰ ਕੈ ਸਬਦਿ ਮਨ ਕਉ ਸਮਝਾਵਹਿ...।।੧੪।।
(੧੭।।੨।।੮)(ਮਾਰੂ ਮਹਲਾ ੧, ਪੰਨਾ ੧੦੨੮)

ਏਥੇ ਦਸਿਆ ਹੈ ਕਿ ਅਕਾਲ ਪੁਰਖ ਬੇਅੰਤ ਹੈ। ਐਸੇ ਬੇਅੰਤ ਪਰਮਾਤਮਾ ਨੂੰ ਗੁਰਮਤਿ ਦੁਆਰਾ ਹੀ ਕੋਈ ਗੁਰਮੁਖ ਜਨ ਪਾਉਂਦਾ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ ਹੀ ਮਨ ਨੂੰ ਪਤਿਆਉਂਦਾ ਹੈ। ਗੁਰ-ਸ਼ਬਦ ਗੁਰਮੰਤ੍ਰ ਬਿਨਾਂ ਮਨ ਨਹੀਂ ਪਤੀਜਦਾ, ਮਨ ਬੇਸਮਝ ਸਮਝਦਾ ਨਹੀਂ। ਗੁਰ ਕੀ ਬਾਣੀ ਸਤਿ ਸਤਿ ਕਰਿ ਮੰਨਣ ਨਾਲ ਹੀ ਆਤਮਾ ਪ੍ਰਮਾਤਮਾ ਵਿਚ ਲੀਨ ਹੁੰਦਾ ਹੈ, ਨਹੀਂ ਤਾਂ ਐਵੇਂ ਨਾਮ ਗੁਰਮੰਤ੍ਰ ਗੁਰ ਕੈ ਸ਼ਬਦ ਉੱਪਰ ਸ਼ਰਧਾ ਹੀ ਨਹੀਂ ਆਉਂਦੀ। ਗੁਰਬਾਣੀ ਦੀ ਭੈ-ਭਾਵਨੀ ਅਤੇ ਸਤਿ ਸਤਿ ਕਰਿ ਮੰਨਣ ਵਾਲੀ ਗੁਰਮੁਖਤਾਈ ਗੁਰ-ਸ਼ਬਦ ਨਾਮ ਨੂੰ ਗੁਰਮੰਤ੍ਰ ਪਾਰਸ ਰੂਪੀ ਸਰੂਪ ਵਿਚ ਦ੍ਰਿੜ੍ਹਾਉਂਦੀ ਅਤੇ ਲਖਾਉਂਦੀ ਹੈ ਅਤੇ ਇਸੇ ਗੁਰਬਾਣੀ ਤੋਂ ਹੀ ਨਾਮ ਪਾਈਦਾ ਹੈ :-

ਗੁਰ ਸੇਵਾ ਤੇ ਕਰਣੀ ਸਾਰ।।
ਰਾਮ ਨਾਮੁ ਰਾਖਹੁ ਉਰਿ ਧਾਰ।।
ਗੁਰਬਾਣੀ ਵਰਤੀ ਜਗ ਅੰਤਰਿ
ਇਸੁ ਬਾਣੀ ਤੇ ਹਰਿ ਨਾਮੁ ਪਾਇਦਾ।।੩।।
(੧੬।।੮।।੨੨) (ਮਾਰੂ ਮਹਲਾ ੩, ਪੰਨਾ ੧੦੬੬)

ਇਸ ਬਾਣੀ ਤੇ 'ਹਰਿ ਨਾਮੁ ਪਾਇਦਾ' ਵਾਲੇ ਗੁਰ-ਪਰਮਾਣ ਨੇ ਤਾਂ ਸਪੱਸ਼ਟ ਤੌਰ ਤੇ ਹੀ ਗੁਰਬਾਣੀ ਅਤੇ ਨਾਮ ਦੀ ਭਿੰਨ ਭਿੰਨ ਵਿਲੱਖਣਤਾ ਨਿਰਣੇ ਕਰ ਦਿਤੀ ਹੈ। ਹੁਣ ਇਸ ਵਿਚ ਕੋਈ ਸੰਦੇਹ ਨਹੀਂ ਰਹਿ ਗਿਆ ਕਿ ਗੁਰਬਾਣੀ ਅਤੇ ਨਾਮ ਦੇ ਭਿੰਨ ਭਿੰਨ ਸਰੂਪ ਹਨ।

## ਰੁਬਾਈਆਂ

(ਗੁਰਦੇਵ ਸਿੰਘ ਲਹਿਰ)

੧. ਤੀਰਥ ਉਤੇ ਜਾਵਾਂ, ਤੀਰਥ ਨਾਮ ਹੈ।
ਉਹਦੇ ਮੰਗਲ ਗਾਵਾਂ, ਤੀਰਥ ਨਾਮ ਹੈ।
ਬਿਰਤੀ ਰੱਖ ਟਿਕਾ, ਭੁਲੇਖਾ ਦੂਰ ਕਰ,
ਬੰਦ ਖਲਾਸੀ ਪਾਵਾਂ, ਤੀਰਥ ਨਾਮ ਹੈ।

੨. ਜੇ ਉਹੀ ਸਰਵ ਵਿਆਪਕ ਹੈ, ਤਾਂ ਪਰਦਾ ਕਾਹਦਾ ?
ਜੇ ਉਹੀ ਪ੍ਰਿਤਪਾਲਕ ਹੈ, ਤਾਂ ਪਰਦਾ ਕਾਹਦਾ ?
ਜੇ ਸਰਵ ਕਲਾ ਸੰਪੂਰਨ ਹੈ, ਤਾਂ ਪਰਦਾ ਕਾਹਦਾ ?
ਪੱਲਾ ਫੜੋ, ਉਹ ਰਾਜ਼ਕ ਹੈ, ਤਾਂ ਪਰਦਾ ਕਾਹਦਾ ?



www.AKJ.Org

# ਦਸਮੇਸ਼ ਪਿਤਾ ਜੀ–ਅਖੰਡਤਾ ਤੇ ਸ਼ਕਤੀ ਦੇ ਪੁੰਜ

(ਪ੍ਰਿੰ : ਸੱਜਣ ਸਿੰਘ ਜੀ)

ਇਨਸਾਨੀ ਸਰੀਰ ਦੇ ਸਾਰੇ ਅੰਗਾਂ ਦੇ ਕਾਰਜ ਭਿੰਨ ਭਿੰਨ ਹਨ, ਭਾਵੇਂ ਇਹ ਸਰੀਰ ਦੇ ਅਟੁੱਟ ਅੰਗ ਹਨ ਤੇ ਇੰਨ੍ਹਾਂ ਦਾ ਆਪਸੀ ਸੰਬੰਧ ਭੀ ਹੈ। ਮਨ ਤੇ ਦਿਮਾਗ ਦੀ ਆਗਿਆ ਪਾਲਣ ਕਰਨ ਵਿੱਚ ਹੀ ਇਨ੍ਹਾਂ ਦੀ ਭਲਾਈ ਹੈ। ਜੇ ਕਿਸੇ ਕਾਰਣ-ਵੱਸ ਇਨ੍ਹਾਂ ਦੀ ਇੱਕ-ਸੁਰਤਾ ਉਖੜ ਜਾਵੇ ਜਾਂ ਢਿੱਲੀ ਪੈ ਜਾਵੇ ਤਾਂ ਚੰਗੇ ਗੁਣਾਂ, ਸੁਖਾਵੇਂ ਕਾਰ-ਵਿਹਾਰ ਤੇ ਸ਼ਕਤੀ ਦਾ ਵਿਨਾਸ਼ ਹੋ ਜਾਂਦਾ ਹੈ। ਜਿਸ ਸਮਾਜ ਦੇ ਵਿਚਾਰਾਂ ਵਿਚ ਤਰੇੜ ਪੈ ਜਾਵੇ ਕਰਮਾਂ ਦੀ ਇੱਕ-ਸੁਰਤਾ ਭੰਗ ਹੋ ਜਾਇ, ਮਾਨਸਕ ਸ਼ਕਤੀਆਂ ਬਿਖਰ ਕੇ ਨਿਰਬਲ ਹੋ ਜਾਣ, ਉਹ ਸਮਾਜ ਆਜ਼ਾਦੀ ਦੀਆਂ ਕਦਰਾਂ-ਕੀਮਤਾਂ ਪਛਾਨਣ ਜੋਗਾ ਨਹੀਂ ਰਹਿੰਦਾ। ਜਿਸ ਦੇਸ਼ ਦੇ ਅਲੱਗ-ਅਲੱਗ ਭਾਗ ਜਾਂ ਪ੍ਰਾਂਤ ਏਕਤਾ ਗੁਆ ਬੈਠਣ, ਬੇਇਤਬਾਰੀ ਤੇ ਵਿਸਾਹ-ਘਾਤ ਦੇ ਔਗੁਣ ਦਾ ਸ਼ਿਕਾਰ ਬਣ ਜਾਣ, ਉਹ ਦੇਸ਼ ਆਤਮ-ਘਾਤੀ ਹੈ।

ਗੁਰੂ ਸਾਹਿਬਾਨ ਦੇ ਸਮੇਂ ਸਮੁੱਚਾ ਭਾਰਤ ਭੇਡਾਂ, ਬੱਕਰੀਆਂ ਦਾ ਬਾੜਾ ਬਣ ਚੁੱਕਿਆ ਸੀ, ਗਊ ਗਰੀਬ ਦੀ ਨਿਰਬਲਾ ਤੇ ਭੋਲਾਪਨ ਜੈਸੇ ਔਗੁਣਾਂ ਨੂੰ ਅਪਨਾਅ ਚੁੱਕਿਆ ਸੀ, ਜਿਸ ਦਾ ਜ਼ਿਕਰ ਸਾਹਿਬ ਸ੍ਰੀ ਗੁਰ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ। ਇਸ ਦੇ ਮੁਕਾਬਲੇ ਵਿਚ ਮੁਗਲ ਜ਼ਾਬਰਾਂ ਨੂੰ ਰੱਤ-ਪੀਣਾ ਸ਼ੇਰ ਆਖਿਆ ਹੈ –

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।।

(ਆਸਾ ਮਹਲਾ ੧ – ੩੬੦)

ਇਸ ਤੋਂ ਇਲਾਵਾ ਵਿਸ਼ੇਸ ਕਰ ਵੀ ਗਊ-ਬ੍ਰਾਹਮਣ ਤੇ ਲੱਗਦਾ ਸੀ।

ਸਲੋਕ ਮ: ੧।। ਗਊ ਬਿਰਾਹਮਣ ਕਉ ਕਰੁ ਲਾਵਹੁ
ਗੋਬਰਿ ਤਰਣੁ ਨ ਜਾਈ।।

(੪੭੧)(ਆਸਾ ਦੀ ਵਾਰ)

ਹਜ਼ੂਰ ਨੇ ਮੁਗਲਾਂ ਦੇ ਹਮਲੇ ਤੇ ਭਿਆਨਕ ਲੜਾਈਆਂ ਦੀਆਂ ਘਟਨਾਵਾਂ ਅੱਖਾਂ ਨਾਲ ਤੱਕੀਆਂ। ਦੋਨਾਂ ਧਿਰਾਂ ਦੇ ਰਹਿਣ-ਸਹਿਣ, ਗੁਣਾਂ-ਅਉਗੁਣਾਂ, ਸੋਚ-ਵਿਚਾਰਾਂ, ਕਰਮਾਂ-ਪ੍ਰਤੀਕਰਮਾਂ ਦੀ ਤਸਵੀਰ ਨੂੰ ਲਿਖਤੀ ਰੂਪ ਵਿਚ ਸਾਡੇ ਤਕ ਪਹੁੰਚਾਇਆ। ਮੁਗਲ ਹਿੰਮਤੀ ਤੇ ਹਿੰਸਾਵਾਦੀ ਸਨ, ਉਹ ਜਾਬਰ ਤੇ ਇਕ ਮੁੱਠ ਸਨ ਜਦ ਕਿ ਭਾਰਤੀ ਅਨਿਕ ਭਾਂਤ ਦੀਆਂ ਵੰਡੀਆਂ ਵਿਚ ਜਕੜੇ, ਮੋਮਣੇ ਦੀ ਨਾਦਾਨੀ ਤੇ ਮਾਸੂਮੀਅਤ ਦਾ ਬੁਰਕਾ ਪਾਈ ਬੈਠੇ ਸਨ। ਮੁਗਲ ਹੱਸ ਕੇ ਜ਼ੁਲਮ ਕਮਾਂਦੇ ਤੇ ਜਸ਼ਨ ਮਨਾਂਦੇ ਸਨ, ਭਾਰਤੀ ਰੋਂਦੇ, ਪਿੱਟਦੇ, ਬੇਵਸੀ ਵਿੱਚ ਅੱਤਿਆਚਾਰ ਬਰਦਾਸ਼ਤ ਕਰੀ ਜਾਂਦੇ ਸਨ। ਉਨ੍ਹਾਂ ਬੇਦਰਦੀ ਨਾਲ ਲੁੱਟਿਆ ਤੇ ਮਾਣ ਨਾਲ ਹਕੂਮਤ ਕੀਤੀ, ਇਹ ਕਾਇਰ ਭੇਡੂ ਇਕ ਨਿਰਭਉ ਨਿਰੰਕਾਰ ਨੂੰ ਵਿਸਾਰ ਕੇ ਮਾਰ ਖਾਂਦੇ ਰਹੇ ਤੇ ਸਬਰ ਦਾ ਘੁੱਟ ਪੀਂਦੇ ਰਹੇ। ਸਭ ਤੋਂ ਵੱਡੀ ਬਦਕਿਸਮਤੀ ਦੀ ਗੱਲ ਇਹ ਸੀ ਕਿ ਭਾਰਤ ਨੇ ਕੋਈ ਐਸਾ ਸਪੁੱਤਰ ਨਹੀਂ ਸੀ ਜਨਮਿਆ ਜਿਹੜਾ ਭਾਰਤ ਦੇ ਵਾਸੀਆਂ ਵਿੱਚ ਸੂਰਮਗਤੀ ਦੀ ਨਵੀਂ ਰੂਹ ਫੂਕਦਾ ਤੇ ਸਭ ਨੂੰ ਏਕਤਾ ਦੇ ਧਾਗੇ ਵਿਚ ਪ੍ਰੋਂਦਾ।

ਹਿੰਦੂ ਜਾਤੀ ਦੇ ਵਿੱਦਿਆ ਕੇਂਦਰ ਜਬਰਦਸਤੀ ਬੰਦ ਕੀਤੇ, ਮੰਦਰਾਂ ਨੂੰ ਢਾਹ ਕੇ ਮਸਜਦਾਂ ਦੀ ਉਸਾਰੀ ਕੀਤੀ, ਪੁਜਾਰੀਆਂ ਤੇ ਦੇਵੀ-ਦੇਵਤਿਆਂ ਦੀਆਂ ਫਰਿਆਦਾਂ ਅਰਸ਼ਾਂ ਤੱਕ ਪੁੱਜੀਆਂ। ਹਕੂਮਤ ਦੀ ਪੱਖ-ਵਾਦੀ ਪਾਲਿਸੀ, ਵਧੀਕੀ, ਬੇਇਨਸਾਫ਼ੀ ਤੇ ਜ਼ੁਲਮ ਤੋਂ ਤੰਗ ਹੋਈ ਦੁਖਿਆਰੀ ਜਨਤਾ ਦੀਆਂ ਪੁਕਾਰਾਂ ਨੇ ਅਤੇ ਜਬਰੀ ਧਰਮ ਪਰੀਵਰਤਣ ਦੇ ਤੂਫਾਨੀ ਕਹਿਰ ਵਿਚ ਗ੍ਰਸਤ ਰੂਹਾਂ ਦੀਆਂ ਚੀਖਾਂ ਤੇ ਕੂਕਾਂ ਨੇ ਭਾਰਤ ਮਾਤਾ ਦੀ ਆਤਮਾ ਨੂੰ ਵਲੂੰਦੜ ਕੇ ਰੱਖ ਦਿੱਤਾ। ਅਕਾਲ ਪੁਰਖ ਨੇ ਆਪ ਦੁਸ਼ਟ ਦਮਨ ਨੂੰ ਯੋਗ ਸਮਝ ਕੇ, ਦੁਸਟ ਸੰਘਾਰਨ ਤੇ ਸੰਤ ਉਬਾਰਨ ਲਈ ਸੰਸਾਰ ਵਿਚ ਭੇਜਿਆ।

ਇਹ ਵਿਸ਼ਵਾਸ਼ ਦੀ ਨਹੀਂ, ਇਤਿਹਾਸ ਦੀ ਗੱਲ ਹੈ ਕਿ ਆਪ ਨੇ ਐਸਾ ਇਨਕਲਾਬੀ ਕਦਮ ਚੁੱਕਿਆ, ਜੱਗ ਤੋਂ ਨਿਆਰੇ ਐਸੇ ਖਾਲਸਾ ਪੰਥ ਦੀ ਸਥਾਪਨਾ ਕੀਤੀ, ਐਸੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੱਦੀ ਬਖਸ਼ੀ, ਜਿਨ੍ਹਾਂ ਦੀ ਸਮੁੱਚੀ ਅਗਵਾਈ ਨੇ ਸਿੱਖ ਪੰਥ ਨੂੰ ਵਿਸ਼ਵ ਭਰ ਵਿਚ



www.AKJ.Org

ਨਵੇਕਲਾ ਤੇ ਸ੍ਰੇਸ਼ਟ ਅਸਥਾਨ ਪ੍ਰਾਪਤ ਕਰਨ ਦਾ ਮਾਣ ਦਿਲਵਾਇਆ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਮਲ ਵੈਦ ਵਾਂਗਰ ਰੋਗਾਂ ਦੀ ਸਹੀ ਪਛਾਣ ਕੀਤੀ, ਯੋਗ ਔਸ਼ਧੀ ਦਿੱਤੀ, ਸਹੀ ਤਰੀਕੇ ਨਾਲ, ਸਹੀ ਸਮੇਂ ਤੇ ਪਰਯੋਗ ਕਰਨ ਦਾ ਉਪਦੇਸ਼ ਦਿੱਤਾ, ਰਹਿਤ ਲਾਜ਼ਮੀ ਕਰਾਰ ਕੀਤੀ, ਕੁਰਹਿਤਾਂ ਤੋਂ ਬਚਣਾ ਪਰਹੇਜ਼ ਦੱਸਿਆ। ਕਾਮਲ ਵੈਦ ਦੇ ਲੱਛਣ ਬਾਰੇ ਗੁਰ ਫੁਰਮਾਨ ਹੈ -

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।।

(ਵਾਰ ਮਾਝ ੨ -੧੪੮)

ਜੇ ਰੋਗ ਕੁਝ ਹੋਰ ਹੋਵੇ ਤੇ ਦਾਰੂ ਹੋਰ ਹੋਵੇ ਤਾਂ ਸਰੀਰ ਵਿਚ ਕਈ ਹੋਰ ਪੇਚੀਦਾ (ਗੁੰਝਲਦਾਰ) ਬਿਮਾਰੀਆਂ ਉਤਪੰਨ ਹੁੰਦੀਆਂ ਹਨ।

ਰੋਗ ਵੀ ਬਹੁਤ ਸਨ ਤੇ ਔਸ਼ਧੀਆਂ ਭੀ ਬਹੁਤ ਪਰ ਇਸ ਵਿਚਾਰਧਾਰਾ ਦੇ ਸਬੰਧ ਵਿਚ ਕੇਵਲ ਦੋ ਰੋਗਾਂ ਦਾ ਵਰਨਣ ਹੀ ਉਚਿਤ ਹੈ -

ਰੋਗ - ਮਾਨਸਕ ਕਮਜ਼ੋਰੀ, ਸਰੀਰਕ ਸਿੱਥਲਤਾ, ਬੇਇਤਫਾਕੀ ਜਾਂ ਅਨੇਕਤਾ।

ਇਲਾਜ - ਖੰਡੇ ਦਾ ਅੰਮ੍ਰਿਤ, ਨਾਮ ਸਿਮਰਨ, ਰਹਿਤ, ਫੌਜੀ ਜ਼ਬਤ।

ਪ੍ਰਾਪਤੀ - ਅਣਖ, ਫੌਲਾਦੀ ਇਰਾਦਾ, ਸ਼ਕਤੀ, ਅਖੰਡਤਾ, ਏਕਤਾ।

ਦਾਤਾਰ ਪਿਤਾ ਨੇ ਉਹ ਕੁਝ ਕੀਤਾ, ਜੋ ਕੋਈ ਵੀ ਕਰ ਨਾ ਸਕਿਆ, ਜਾਂ ਸੋਚ ਨ ਸਕਿਆ। ਹਜ਼ੂਰ ਨੇ ਨੀਵੇਂ ਨੂੰ ਉੱਚਾ ਕੀਤਾ, ਜਿਹੜਾ ਦਰਬਾਰ ਵਿਚ ਆਇਆ, ਉਸ ਦੀ ਹੇਠੀ ਨਹੀਂ ਹੋਣ ਦਿੱਤੀ। ਜੋੜਨ ਦਾ ਕੰਮ ਕੀਤਾ, ਜੁੜਿਆਂ ਨੂੰ ਟੁੱਟਣ ਨਹੀਂ ਦਿੱਤਾ। ਬਿਖਰੀਆਂ ਸ਼ਕਤੀਆਂ ਨੂੰ ਕੇਂਦਰਿਤ ਕਰਕੇ ਬਲਦਾਇਕ ਬਣਾਇਆ। ਨਿਰਸੰਦੇਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਸੀ ਮਹਾਨ ਸ਼ਖਸ਼ੀਅਤ ਦੇ ਮਾਲਕ ਸਨ ਜਿਹੜੇ ਧਾਰਮਕ ਆਗੂ ਤੇ ਹੱਕ ਦੇ ਰਹਿਬਰ ਹੁੰਦੇ ਵੀ ਪਤਿਤ, ਦੁਰਕਾਰੇ, ਬੇਹਰਕਤ ਮੁਰਦਾ ਜਿੰਦੜੀਆਂ ਨੂੰ ਸ਼ੁੱਧਤਾ-ਸ਼ਕਤੀ-ਅਖੰਡਤਾ ਦੇ ਰੂਹ-ਅਫ਼ਜ਼ਾ ਤਾਰ ਵਿਚ ਪਰੋਣ ਵਿਚ ਸਫ਼ਲ ਹੋਏ।

ਊਚ ਨੀਚ, ਜਾਤ-ਪਾਤ, ਅਮੀਰੀ-ਗਰੀਬੀ, ਮਿਤ੍ਰ-ਸਤ੍ਰ ਦਾ ਭੇਦ ਮਿਟਾਉਣਾ ਆਪ ਜੀ ਦਾ ਉਦੇਸ਼ ਸੀ। ਸੱਚੀ ਰਹੁ ਰੀਤੀ ਵਿਚ ਸਮਾਨਤਾ ਦਾ ਉਪਦੇਸ਼ ਸੀ। ਬੀਰ ਰਸ ਦਾ ਜਜ਼ਬਾ ਭਰਨ ਲਈ ਪੁਰਾਤਨ ਗ੍ਰੰਥਾਂ ਦਾ ਅਧਿਐਨ ਕੀਤਾ, ਤਰਜਮਾ ਕੀਤਾ ਤੇ ਕਰਵਾਇਆ, ਕਵੀ ਦਰਬਾਰ ਦੀ ਪ੍ਰੰਪਰਾ ਆਰੰਭ ਕੀਤੀ। ਪਾਉਂਟਾ ਸਾਹਿਬ ਵਿਚ ਹਜ਼ੂਰ ਪਾਸ ਬਵੰਜਾ ਦਰਬਾਰੀ ਕਵੀ ਸਨ ਜਿਹੜੇ ਬੀਰਤਾ, ਅਖੰਡਤਾ ਤੇ ਕਾਵਿਕ ਰਸਾਂ ਨੂੰ ਧਿਆਨ ਵਿਚ ਰੱਖਦਿਆਂ ਆਪਣੇ ਬਚਨ ਕਲਮ ਬੰਦ ਕਰਦੇ ਤੇ ਉਚਾਰਦੇ ਸਨ। ਕਾਵਿਕ ਗ੍ਰੰਥ, ਪੰਜਾਬੀ, ਹਿੰਦੀ, ਬ੍ਰਿਜ ਭਾਸ਼ਾ, ਸੰਸਕ੍ਰਿਤ, ਫ਼ਾਰਸੀ, ਸਾਰੀਆਂ ਬੋਲੀਆਂ ਵਿਚ ਰਚੇ ਜਾਂਦੇ ਸਨ।

ਗੁਰਦੇਵ ਜੀ ਦੀ ਆਪਣੀ ਬਾਣੀ ਹਰੇਕ ਪੱਖੋਂ ਸੰਪੂਰਨ ਲਾਜਵਾਬ ਤੇ ਮੌਲਿਕ ਹੈ। ਜਾਪੁ ਸਾਹਿਬ ਵਿਚ ਅਕਾਲ ਪੁਰਖ ਦੇ ਆਪਣੇ ਦੈਵੀ ਗੁਣਾਂ ਦੀ ਝਲਕ ਸਾਫ਼ ਦ੍ਰਿਸਟਮਾਨ ਹੈ। ਇਸ ਬਾਣੀ ਵਿਚ ਫ਼ਾਰਸੀ ਤੇ ਸੰਸਕ੍ਰਿਤ ਦੇ ਅਤੀ ਢੁਕਵੇਂ ਸ਼ਬਦਾਂ ਦੀ ਵਰਤੋਂ ਤੋਂ ਆਪ ਜੀ ਦੀ ਉਦਾਰਤਾ ਤੇ ਧਰਮ ਨਿਰਪੇਖ ਦ੍ਰਿਸ਼ਟੀ ਕੋਣ ਦਾ ਸਬੂਤ ਦਿਖਾਈ ਦਿੰਦਾ ਹੈ।

ਵਿਸ਼ਵਾਸ਼ ਦੇ ਇਲਾਵਾ, ਮਨੋਵਿਗਿਆਨਕ ਦ੍ਰਿਸਟੀ ਵੀ 'ਜੈਸਾ ਸੇਵੈ ਤੈਸਾ ਹੋਵੈ' ਦੀ ਪੁਸ਼ਟੀ ਕਰਦੀ ਹੈ। ਕਲਗੀਧਰ ਪਾਤਸ਼ਾਹ ਦ੍ਵੈ ਤੋਂ ਇੱਕ ਰੂਪ ਹੋ ਚੁੱਕੇ ਸਨ। ਇਉਂ ਅਕਾਲ ਪੁਰਖ ਦੇ ਦੈਵੀ ਗੁਣਾਂ ਦਾ ਨਿਵਾਸ, ਗੁਰਦੇਵ ਜੀ ਦੇ ਪਾਵਨ ਹਿਰਦੇ ਵਿਚ ਹੋਣੇ ਕੁਦਰਤੀ ਤੇ ਸੁਭਾਵਕ ਸੀ। ਆਪ ਜੀ ਨੇ ਤਾਂ ਇਸ ਤੋਂ ਵੱਧ ਅਰਥਾਤ ਆਪਣੀ, ਖਾਲਸੇ ਤੇ ਅਕਾਲ ਪੁਰਖ ਦੀ ਇੱਕ ਮਿੱਕਤਾ ਤੇ ਇਕ-ਸੁਰਤਾ ਦਾ ਪ੍ਰਗਟਾਵਾ ਖੁੱਲ੍ਹ ਕੇ ਕੀਤਾ।

ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।।
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ।। (ਸਰਬ ਲੋਹ ਗ੍ਰੰਥ)

ਦੂਸਰੇ ਸ਼ਬਦਾਂ ਵਿਚ ਹਜ਼ੂਰ ਨੇ ਅਕਾਲ ਪੁਰਖ ਦੇ ਜਿਹੜੇ ਰੱਬੀ ਗੁਣਾਂ ਦਾ ਵਰਨਣ ਆਪਣੀ ਰਚਨਾ ਵਿਚ ਕੀਤਾ ਉਨ੍ਹਾਂ ਸਾਰਿਆਂ ਦਾ ਟਿਕਾਉ ਆਪ ਦੇ ਨਿਰਮਲ ਰਿਦੇ ਵਿਚ ਸੁਭਾਇਮਾਨ ਹੈ, ਤੇ ਖ਼ਾਲਸੇ ਨੂੰ ਇੰਨ ਬਿੰਨ ਪ੍ਰਤੀਤ ਹੁੰਦਾ ਹੈ। ਅਕਾਲ ਪੁਰਖ ਬੇਸ਼ੱਕ ਵਾਹਦ ਤੇ ਜੋਤੀ ਸਰੂਪ ਹੈ, ਫਿਰ ਵੀ ਸਮਸਤ ਧਾਰਮਕ ਆਗੂਆਂ ਦੇ ਕਥਿਤ ਭਗਵਾਨ, (ਵੱਖਰੇ ਸਮਾਜ, ਸਮੇਂ ਤੇ ਸਥਾਨਕ ਪ੍ਰਸਿਥਿਤੀਆਂ ਅਨੁਸਾਰ) ਆਪਣੇ ਆਪਣੇ ਸਨ। ਇਹ ਵਿਸ਼ਾਲ ਦ੍ਰਿਸ਼ਟੀ ਆਪ ਹੀ ਨੂੰ ਸੋਭਦੀ ਹੈ ਕਿ ਆਪ ਦਾ ਅਕਾਲ ਪੁਰਖ ਸਰਬ ਸਾਂਝਾ, ਸਭ ਤੋਂ ਨਿਆਰਾ, ਸਮਾਜਕ ਤੇ ਧਾਰਮਕ ਬੰਧਨਾਂ ਤੋਂ ਸੁਤੰਤਰ ਹੈ।



www.AKJ.Org

ਹਜ਼ੂਰ ਨੇ ਐਸੇ ਪਰਮ-ਜਯੋਤੀ ਨੂੰ ਪ੍ਰਣਾਮ ਕੀਤਾ ਹੈ ਜਿਹੜਾ 'ਅਨਾਮੇ ਹੈ, ਅਠਾਮੇ ਹੈ' (ਜਿਸ ਦਾ ਵਿਸ਼ੇਸ਼ ਨਾਮ ਤੇ ਟਿਕਾਣਾ ਨਹੀਂ)। ਅਕਰਮੰ ਹੈ, ਅਧਰਮੰ ਹੈ (ਕਿਸੇ ਵਿਸ਼ੇਸ਼ ਕਰਮ ਜਾਂ ਧਰਮ ਤੋਂ ਸੁਤੰਤਰ ਹੈ)। ਅਦੇਸੇ ਤੇ ਅਭੇਸੇ ਹੈ (ਜਿਸ ਦਾ ਸਬੰਧ ਕਿਸੇ ਖਾਸ ਦੇਸ਼ ਜਾਂ ਭੇਸ ਨਾਲ ਨਹੀਂ)। ਨਮਸਤੰ ਅਮਜਬੇ।। ਨਮਸਤਸਤ ਅਜਬੇ।। ੧੭।। (ਜਿਸ ਦਾ ਕੋਈ ਮਜ਼ਹਬ ਨਹੀਂ।) ਹਕੀਕਤ ਵਿਚਸਾਰੀ ਸਾਰੀ ਕਾਇਨਾਤ ਉਸਦੀ ਹੈ, ਉਹ ਸਭ ਜਾਤਾਂ ਪਾਤਾਂ ਵਿੱਚ ਰਮਿਆਂ ਹੈ। ਕਿ ਸਰਬਤ੍ਰ ਦੇਸੈ।। ਕਿ ਸਰਬਤ੍ਰ ਭੇਸੈ।। (ਜਾਪੁ ਸਾਹਿਬ) ਅਫਸੋਸ, ਕਿ ਹਿੰਦੂ ਉੱਚ ਜਾਤੀ ਤੇ ਪਹਾੜੀ ਰਾਜਿਆਂ ਨੇ ਏਕਤਾ-ਅਨੇਕਤਾ ਦੇ ਭਾਵ ਨੂੰ ਸਹੀ ਅਰਥਾਂ ਵਿਚ ਨਹੀਂ ਸਮਝਿਆ। ਗੁਰਦੇਵ ਜੀ ਨੇ ਊਚ-ਨੀਚ ਦਾ ਭੇਦ ਮਿਟਾ ਕੇ ਸਮਾਨਤਾ ਦਾ ਦਰਜਾ ਦੇਣਾ ਚਾਹਿਆ, ਏਕਤਾ ਤੇ ਬਲ ਭਰਨ ਦੀ ਕੋਸ਼ਿਸ਼ ਕੀਤੀ ਪਰ ਪਹਾੜੀ ਰਿਆਸਤਾਂ ਦੇ ਰਾਜਿਆਂ ਨੇ ਸਹਿਯੋਗ ਦੇਣ ਦੀ ਬਜਾਏ ਵਿਰੋਧਤਾ ਕੀਤੀ। ਮੁਗਲਾਂ ਤੇ ਰਾਜਿਆਂ ਦੀ ਲੜਾਈ ਵਿਚ ਗੁਰਦੇਵ ਜੀ ਨੇ ਰਾਜਿਆਂ ਦਾ ਸਾਥ ਦਿੱਤਾ, ਪਰ ਜਦ ਗੁਰਦੇਵ ਜੀ ਨੂੰ ਮੁਗਲਾਂ ਵਿਰੁੱਧ ਸੰਘਰਸ਼ ਕਰਨਾ ਪਿਆ ਤਾਂ ਰਾਜਿਆਂ ਨੇ ਮੁਗਲਾਂ ਦਾ ਸਾਥ ਦਿੱਤਾ। ਇਤਿਹਾਸ ਤਾਂ ਇਹ ਕਹਿੰਦਾ ਹੈ ਕਿ ਗੁਰੂ ਸਾਹਿਬ ਤੇ ਮੁਗਲ ਸੈਨਾਂ ਦੀ ਲੜਾਈ ਹੀ ਰਾਜਿਆਂ ਦੀ ਚੁਗਲੀ ਤੇ ਉਕਸਾਉਣ ਕਾਰਣ ਹੋਈ ਸੀ। ਕਾਇਰ ਤੇ ਨਿਰਬਲ ਰਾਜਿਆਂ ਦੀ ਅਕਲ ਵਿਚ ਇਹ ਗੱਲ ਨਹੀਂ ਬੈਠੀ ਕਿ ਗੁਰਦੇਵ ਜੀ ਅਨੇਕਤਾ ਵਿੱਚ ਏਕਤਾ ਲਿਆਉਣੀ ਚਾਹੁੰਦੇ ਸਨ ਪਰ ਮੁਗਲ ਸ਼ਹਿਨਸ਼ਾਹ ਅਨੇਕਤਾ ਮਿਟਾ ਕੇ ਆਪਣੀ ਮਨੋਕਲਪਤ ਏਕਤਾ ਵਿਚ ਸ਼ਾਮਲ ਕਰਨ ਦੇ ਇੱਛਕ ਸਨ। ਗੁਰਦੇਵ ਜੀ ਦਾ ਫੁਰਮਾਨ ਹੈ -

ਅਮਾਨ ਹੈਂ।। ਨਿਧਾਨ ਹੈਂ।।
ਅਨੇਕ ਹੈਂ।। ਫਿਰਿ ਏਕ ਹੈਂ।। ੪੩।।

ਭਾਰਤ ਵਾਸੀਆਂ ਨੇ ਹਰੇਕ ਖੇਤਰ ਵਿਚ ਏਕਤਾ ਤਿਆਗ ਕੇ ਅਨੇਕਤਾ ਲਿਆਂਦੀ ਤੇ ਗੁਰੂ ਸਾਹਿਬਾਨ ਤੇ ਸਿੱਖਾਂ ਨੂੰ ਏਕਤਾ ਲਿਆਉਣ ਲਈ ਬਹੁਤ ਸੰਘਰਸ਼ ਕਰਨਾ ਪਿਆ ਤੇ ਸਿਰਾਂ ਦੀ ਕੁਰਬਾਨੀ ਦੇਣੀ ਪਈ।

ਦਾਤਾਰ ਪਿਤਾ ਨੇ ਆਪਣੇ ਸੰਕਲਪ ਨੂੰ ਸਾਕਾਰੀ ਰੂਪ ਦੇਣ ਲਈ ਅਤੇ ਆਪਣੇ ਗੁਰਸਿੱਖਾਂ ਵਿਚ ਅਕਾਲ ਪੁਰਖ ਦੇ ਰੱਬੀ ਗੁਣ, ਸੰਤੁਲਤ ਰੂਪ ਵਿਚ ਭਰਨ ਲਈ 1699 ਦੀ ਸਾਖੀ ਵਾਲੇ ਦਿਨ, ਸੰਗਤਾਂ ਨੂੰ ਵਿਸ਼ੇਸ਼ ਸੰਦੇਸ਼ ਦੁਆਰਾ ਅਨੰਦਪੁਰ ਸਾਹਿਬ ਬੁਲਾਇਆ। ਇਸ ਕਾਰਜ ਵਿੱਚ ਅਕਾਲ ਪੁਰਖ ਦਾ ਆਪਣਾ ਯੋਗਦਾਨ ਪਰਤੱਖ ਤੇ ਕੌਤਕ ਭਰਿਆ ਸੀ। ਇਤਿਹਾਸ ਗਵਾਹ ਹੈ ਕਿ ਪੰਜਾਂ ਪਿਆਰਿਆਂ ਦੀ ਚੋਣ, ਗੁਰਦੇਵ ਜੀ ਨੇ ਆਪ ਨਹੀਂ ਕੀਤੀ, ਅਕਾਲ ਪੁਰਖ ਨੇ ਕੀਤੀ ਸੀ। ਆਪਣਾ ਸੀਸ ਭੇਟਾ ਕਰਨ ਲਈ ਉਹ ਸਿੱਖ ਮੈਦਾਨ ਵਿਚ ਨਿੱਤਰੇ ਜਿਨ੍ਹਾਂ ਨੂੰ ਅਕਾਲ ਪੁਰਖ ਨੇ ਆਪ ਪ੍ਰੇਰਣਾ ਦਿੱਤੀ ਤੇ ਗੁਪਤ ਫੁਰਮਾਨ ਕੀਤਾ। ਦਇਆ, ਧਰਮ, ਮੁਹਕਮ, ਸਾਹਿਬ ਤੇ ਹਿੰਮਤ, ਇਹ ਪੰਜੇ ਨਾਉਂ, ਦੈਵੀ ਗੁਣਾਂ ਦੇ ਲਖਾਇਕ ਹਨ। ਦਇਆ ਤੇ ਧਰਮ ਹਮਦਰਦੀ ਤੇ ਮਰਿਆਦਾ ਨੂੰ ਪ੍ਰਗਟਾਉਂਦੇ ਹਨ। ਇਨ੍ਹਾਂ ਵਿਚ ਰੱਬੀ ਆਤਮਾ ਦੀ ਪਰਉਪਕਾਰੀ ਭਾਵਨਾ ਹੈ। ਮੁਹਕਮ, ਸਾਹਿਬ ਤੇ ਹਿੰਮਤ ਵਿਚ ਉਦਾਰਤਾ ਤੇ ਸ਼ਕਤੀ ਦਾ ਅੰਸ਼ ਹੈ। ਇਸ ਵਿੱਚ ਵਡੱਪਣ ਤੇ ਦ੍ਰਿੜ੍ਹਤਾ ਸਮਾਈ ਹੋਈ ਹੈ ਇਸ ਵਿੱਚ। ਪ੍ਰਭੂ ਦੀ ਰਜ਼ਾ ਸੀ ਕਿ ਸਾਰੇ ਉੱਚੀ ਕੁਲ ਦੇ ਨਾ ਹੋਣ। ਇਉਂ ਹੀ ਹੋਇਆ, ਕੋਈ ਖੱਤਰੀ ਕੋਈ ਜੱਟ, ਕੋਈ ਛੀਂਬਾ ਕੋਈ ਨਾਈ ਤੇ ਕੋਈ ਝੀਵਰ ਸੀ।

ਅਕਾਲ ਪੁਰਖ ਦਾ ਚੋਜ਼ ਸੀ ਜਾਂ ਕ੍ਰਿਸ਼ਮਾ ਕਿ ਪੰਜਾਂ ਪਿਆਰਿਆਂ ਦਾ ਸੰਬੰਧ ਕਿਸੇ ਖਾਸ ਪ੍ਰਦੇਸ਼ ਨਾਲ ਨਹੀਂ ਸੀ, ਇਹ ਕ੍ਰਮਵਾਰ ਲਾਹੌਰ, ਹਸਤਨਾਪੁਰ, ਦੁਆਰਕਾ, ਬਿਦਰ ਤੇ ਜਗੰਨਾਥ ਦੇ ਵਾਸੀ ਸਨ ਤੇ ਇਕੋ ਭਾਰਤ ਮਾਤਾ ਦੀ ਤਾਰ ਦੇ ਰੰਗ ਬਰੰਗੇ ਮਣਕੇ ਸਨ।

ਪੰਜੇ ਸਿਰਲੱਥ ਸੂਰਿਆਂ ਨੇ ਆਤਮ ਸਮਰਪਣ ਕਰਕੇ ਗੁਰਦੇਵ ਦੀ ਅਥਾਹ ਪ੍ਰਸੰਨਤਾ ਪ੍ਰਾਪਤ ਕੀਤੀ। ਇਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਗੁਰ ਚੇਲੇ ਦਾ ਭੇਦ ਮਿਟਾ ਕੇ ਆਪ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਮੰਗੀ ਤੇ ਪ੍ਰਾਪਤ ਕੀਤੀ। ਜਿਹੜਾ ਤਾਣ ਤੇ ਮਾਣ ਸਤਿਕਾਰ ਭਰਿਆ ਰੁਤਬਾ ਪੰਜਾਂ ਨੂੰ ਬਖਸ਼ਿਆ, ਉਸ ਦੀ ਉਦਾਹਰਣ ਵਿਸ਼ਵ ਵਿਚ ਲੱਭਣੀ ਬਹੁਤ ਕਠਨ ਹੈ। ਪੰਜਾਂ ਪਿਆਰਿਆਂ ਦੇ ਖਿਤਾਬ ਵਿਚ ਅਨੋਖੀ ਨਵੀਨਤਾ ਸੀ। ਇਹ ਸੀ 'ਪੰਜਾਂ ਪਿਆਰਿਆ ਦੀ ਇਕਾਈ' ਕਾਇਮ ਕਰਨੀ। ਗੁਰਦੇਵ ਜੀ ਨੇ ਇਕੱਲੇ-ਇੱਕਲੇ ਪਿਆਰੇ ਵਿਚ ਨਹੀਂ, ਸਮੁੱਚੇ ਪੰਜਾਂ ਵਿਚ ਆਪਣਾ ਤੇਜ, ਪ੍ਰਤਾਪ, ਸੱਤਾ,ਰਹਿਮਤ, ਭਰਕੇ ਇਨ੍ਹਾਂ ਦੀ ਏਕਤਾ ਅਨੇਕਤਾ ਵਿਚ ਬਦਲ ਦਿੱਤੀ।

ਇਸ ਦੇ ਉਪਰੰਤ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ

(ਬਾਕੀ ਪੰਨਾ ੧੯ ਤੇ)



www.AKJ.Org

# ਨਿਰਵੈਰ ਤਲਵਰੀਆ

(ਗਿਆਨੀ ਹਰੀ ਸਿੰਘ ਜੀ)

ਅੰਮ੍ਰਿਤ ਵੇਲਾ ਹੈ। ਕਰੋੜਾਂ ਤਾਰੇ ਡਲ੍ਹਕਾਂ ਮਾਰ ਰਹੇ ਹਨ। ਨਿਖਰੀ ਹੋਈ ਰਾਤ ਦੇ ਹਨ੍ਹੇਰੇ ਨੇ ਇਨ੍ਹਾਂ ਦੇ ਤੇਜ ਨੂੰ ਚਮਕਾ ਦਿੱਤਾ ਹੈ। ਮਾਨੋ ਅਰਸ਼ਾਂ ਤੋਂ ਪ੍ਰਕਾਸ਼ ਦਾ ਮੀਂਹ ਵਸ ਰਿਹਾ ਹੈ। ਸਤਲੁਜ ਦਾ ਰਮਣੀਕ ਕਿਨਾਰਾ, ਸਾਰੀ ਕੁਦਰਤ ਚੁਪ ਤੇ ਟਿਕੀ ਹੋਈ ਹੈ। ਪਰੰਤੂ ਨਦੀ ਦਾ ਠੰਡਾ ਤੇ ਨਿਰਮਲ ਜਲ ਆਪਣੇ ਪ੍ਰੀਤਮ ਸ਼ਹੁ-ਸਾਗਰ ਵਿੱਚ ਆਪੇ ਨੂੰ ਅਭੇਦ ਕਰਨ ਲਈ ਚਾਉ ਭਰੀਆਂ ਅਠਖੇਲੀਆਂ ਕਰਦਾ ਚੌਕੜੀਆਂ ਭਰਦਾ ਜਾ ਰਿਹਾ ਹੈ। ਦਰਿਆ ਦੇ ਇੱਕ ਪੱਕੇ ਘਾਟ ਪੁਰ ਪੌੜਾਂ ਉਤੇ ਕੁਸ਼ਾ ਦਾ ਆਸਣ ਵਿਛਾਈ ਪਸ਼ਮੀਨੇ ਦੇ ਸ਼ਾਲ ਦੀ ਬੁਕਲ ਮਾਰੀ ਇੱਕ ਮੋਹਨੀ ਸੂਰਤ ਬਿਰਾਜ ਰਹੀ ਹੈ। ਨੇਤਰ ਬੰਦ ਹਨ, ਸਰੀਰ ਅਡੋਲ, ਚੇਹਰੇ ਪਰ ਲਾਲੀ, ਕੋਮਲਤਾ, ਮਿਠਾਸ ਤੇ ਅੰਤਰ-ਮੁੱਖ ਲੀਨਤਾ ਦਾ ਭਾਵ ਦਿਖਤ ਹੈ। ਤੇੜ ਕਛਹਿਰਾ, ਸਿਰ 'ਤੇ ਨਿੱਕੀ ਜਹੀ ਗੋਲ ਦਸਤਾਰ ਹੈ। ਹਾਂ ਜੀ ! ਸੰਸਾਰ ਦੇ ਤ੍ਰਾਣ-ਕਰਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਤਲੁਜ ਨੂੰ ਭਾਗ ਲਾ ਰਹੇ ਹਨ। ਇਸ ਜੋਤਿ-ਨਿਰੰਜਨੀ ਦੇ ਬੈਠਣ ਨਾਲ ਨਦੀ ਵੀ ਪਾਵਨ ਹੋ ਰਹੀ ਸੀ। ਆਪਣੇ ਮਾਲਕ ਜੀ ਦੀ ਨਿਰੰਤਰ ਯਾਦ ਵਿੱਚ ਰਸ ਰੂਪ ਹੋਏ ਲਸ-ਲਸ ਕਰ ਰਹੇ ਬਿਰਾਜ ਰਹੇ ਹਨ। ਦੂਰੋਂ ਦਰਸ਼ਨ ਕਰਦਿਆਂ ਠੰਡ ਪੈਂਦੀ ਹੈ, ਅੰਦਰਲਾ ਰਸ ਸੁਆਦ ਨਾਲ ਭਰ ਜਾਂਦਾ ਹੈ।

ਰਾਤ ਦੀ ਇਕਾਂਤ, ਚੁਪ ਦਾ ਸੁਆਦ ਤੇ ਨਦੀ ਤੇ ਰਮਣੀਕ ਕਿਨਾਰੇ ਦਾ ਦ੍ਰਿਸ਼ ਦਾਤਾ ਜੀ ਨੂੰ ਕਿਸ ਮੌਜ ਵਿਚ ਹੁਲਾਰੇ ਦੇ ਰਿਹਾ ਹੈ। 'ਦਰਿਆਵਾਂ ਸਿਉ ਦੋਸਤੀ' ਕਰਨ ਵਾਲੇ ਆਸ਼ਕਾਂ ਦੇ ਸਿਰਤਾਜ ਜੀ ਦੇ ਅਲੌਕਿਕ ਦਰਸ਼ਨ ਕਰਨ ਲਈ ਡਲ੍ਹਕਾਂ ਮਾਰਦਾ ਤਾਰਕਾ-ਮੰਡਲ ਕਿਸ ਚਾਉ ਤੇ ਸ਼ੌਕ ਭਰੇ ਨੈਣਾਂ ਨਾਲ ਵੇਖ ਰਿਹਾ ਹੈ। ਮਿਠੀ ਮਿਠੀ ਪਵਨ ਇਸ ਅਨੰਦ ਦੇ ਸਮੇ ਦੇ ਗਲ ਲਗ ਕੇ ਸੰਗੀਤ ਰੂਪ ਹੋਈ ਗਾ ਰਹੀ ਹੈ-

ਭਿੰਨੀ ਰੈਨੜੀਏ ਚਾਮਕਿਨ ਤਾਰੇ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥ (੪੫੯)

ਵਾਹ ਵਾਹ ! ਅਜਬ ਦ੍ਰਿਸ਼ ਹੈ-

ਸੁਬਾਹ-ਦਮ ਗੋਯਾ ਤਮਾਸ਼ਾ-ਏ ਅਜਬ॥
ਜੁਮਲਾ ਆਲਮ ਖ਼ੁਫ਼ਤਾ ਵਾ-ਬੇਦਾਰ ਸ਼ਮਾਅ॥

ਇਸ ਸੁਹਾਵਣੇ ਸਮੇਂ ਜਦ ਨੀਂਦ ਨੇ ਦੁਨੀਆਂਦਾਰਾਂ ਨੂੰ ਆਪਣੀ ਝੋਲੀ ਅੰਦਰ ਸੁਆਇਆ ਹੁੰਦਾ ਹੈ, 'ਆਰਫ਼ਨੇ ਸ਼ੌਕ' (ਨਾਮ-ਰਸੀਏ ਸੰਤ ਜਨ) ਪਿਛਲੀ ਰਾਤ ਦੀ ਇਕਾਂਤ ਵਿਚ, ਦੁਨੀਆਂ ਦੀ ਹੂ-ਹਾ ਤੋਂ ਬਚ ਕੇ ਇਸ 'ਤਮਾਸ਼ਾਏ ਅਜਬ' ਨੂੰ ਵੇਖ 'ਬਲਿਹਾਰੀ ਕੁਦਰਤ ਵਸਿਆ' ਨਾਲ ਇਕ-ਸੁਰ ਹੋ ਰਹੇ ਹਨ।

'ਮਨਮੋਹਨ ਮੂਰਤਿ ਮੁਕੰਦ' ਦਾਤਾ ਜੀ, ਇਸ ਵੇਲੇ (ਬਾਦਹਾਏ ਸ਼ੌਕ) ਨਾਮ-ਰਸਾਇਣ ਦੇ ਪ੍ਰੇਮ-ਪਿਆਲੇ ਪੀ, ਉਚੀ ਹੋਸ਼ ਵਾਲੀ ਮਸਤੀ ਖੀਵੇ ਹੋ ਰਹੇ ਹਨ। ਕੌਣ ਹੈ ਭਾਗਾਂ ਵਾਲਾ, ਜੋ ਇਸ ਵੇਲੇ ਜੋਤਿ-ਨਿਰੰਜਨੀ ਦੇ ਮਹਿਕੇ ਤੇ ਖਿੜੇ 'ਮਹਿਤਾਬ ਮੁਖੜੇ' ਦੇ ਦਰਸ਼ਨ ਦਾ ਅਨੰਦ ਲਵੇ-

ਬਿਸਮ ਬਿਸਮ ਬਿਸਮ ਹੀ ਭਈ ਹੈ,
ਲਾਲ ਗੁਲਾਲ਼ ਰੰਗਾਰੈ॥

ਇਸ ਸੁੰਦਰ ਸਰੂਪ ਵਾਲੇ ਦਰਸ਼ਨ ਦੀ ਉਪਮਾ ਅਕਥਨੀਯ ਹੈ। ਦੇਖਣਹਾਰ ਦਾ ਮਨ ਅ-ਮਨ ਹੋ, ਆਪਾ ਉਚ-ਮੰਡਲ ਤੋਂ ਉਠ ਰਸ-ਮੰਡਲ ਵਿਚ ਜਾ ਟਿਕਦਾ ਹੈ। ਇਸ ਦਰਸ਼ਨ ਦੀ ਦਾਤ ਉਚੇ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ-

ਕਸੇ ਕੋ ਦੀਦ ਦੀਦਾਰਿ ਮੁਕੱਦਸ॥
ਮੁਰਾਦੇ ਉਮਰ ਰਾ ਹਾਸਲ ਨਿਕੋ ਕਰਦ॥

ਜਿਨ੍ਹਾਂ ਭਾਗਾਂ ਵਾਲਿਆਂ ਨੂੰ 'ਕਵਲ ਨੈਨ ਤੇ ਮਧੁਰ ਬੈਨ' ਵਾਲੇ ਇਸ ਸਰੂਪ ਦੇ ਦਰਸ਼ਨ ਨਸੀਬ ਹੋਏ, ਉਨ੍ਹਾਂ ਦੀ ਜੀਵਨ ਸਫ਼ਲ ਹੋ ਗਿਆ।

ਰਾਤ ਬੀਤਦੀ ਗਈ। ਅਤਿ ਅਨੂਪ ਰੂਪ ਵਾਲੇ ਪ੍ਰੀਤਮ ਜੀ ਦੇ ਅੰਦਰਲੇ ਰਸ-ਰੰਗ ਤੇ ਆਤਮ ਪ੍ਰਭਾਵ ਦੀ ਗੂੜ੍ਹੀ ਛਹਿਬਰ ਲਗੀ ਰਹੀ ਅਤੇ ਕੁਦਰਤ ਨੇ ਰੱਜ ਰੱਜ ਕੇ ਫ਼ੈਜ਼ ਲਾਇਆ। ਸਵੇਰਾਂ ਹੋ ਆਈਆਂ। ਪਹੁ ਫੁੱਟੀ। ਪੰਛੀ ਚਹਿਕ ਉਠੇ ਤੇ ਸੂਰਜ ਦੀਆਂ ਕਿਰਨਾਂ ਫੁਟ ਪਈਆਂ। ਦਾਤਾ ਜੀ ਅਜੇ ਨਿਜਾਨੰਦ ਵਿਚ ਮਗਨ ਬੈਠੇ ਸਨ ਕਿ ਅਚਾਨਕ ਨਦੀ ਵਲੋਂ ਇਕ ਆਵਾਜ਼ ਆਈ। ਆਪ ਜੀ ਦੇ ਰਸ-ਭਰੇ ਤੇ ਸਜਲ ਨੇਤਰ ਖੁੱਲ੍ਹੇ। ਕੀ ਵੇਖਦੇ ਹਨ ਕਿ ਕੋਈ ਰੁੜ੍ਹਿਆ ਜਾ ਰਿਹਾ ਹੈ। ਕੰਢੇ 'ਤੇ ਦੋ ਰਾਹੀ ਖੜੇ ਹਨ। ਇਕ ਦੇ ਤੇੜ ਧੋਤੀ, ਮਸਤਕ ਉਤੇ ਤਿਲਕ ਤੇ ਗਲ ਵਿਚ ਪਾਇਆ ਜਨੇਊ ਦਸਦਾ ਹੈ ਕਿ ਕੋਈ ਪੰਡਤ ਹੈ। ਦੂਸਰੇ



www.AKJ.Org

ਦਾ ਸ਼ਰਈ ਤੰਬਾ ਪਰਗਟ ਕਰਦਾ ਹੈ ਕਿ ਮੁਸਲਮਾਨ ਸ਼੍ਰੇਣੀ ਵਿਚੋਂ ਹੈ।

ਦੋਵੇਂ ਰੁੜ੍ਹਦੀ ਜਾ ਰਹੀ ਲੋਥ ਵਲ ਵੇਖ ਰਹੇ ਹਨ। ਠਾਕਰ ਜੀ ਦੀ ਪੂਜਾ ਕਰਨ ਹਿਤ ਨਦੀ ਦਾ ਪਵਿੱਤਰ ਜਲ ਲੈਣ ਆਇਆ ਬ੍ਰਾਹਮਣ ਤਾਂ ਇਹ ਕਹਿ ਕੇ ਤੁਰ ਪਿਆ, 'ਕਿਤੇ ਮਲੇਛ ਨਾ ਹੋਵੇ, ਐਵੇਂ ਸਵੇਰੇ ਹੀ ਉਸ ਨੂੰ ਛੋਹ ਕੇ ਸਰੀਰ ਅਪਵਿੱਤਰ ਨਾ ਕਰ ਲਈਏ।' ਮੁਸਲਮਾਨ ਨੀਝ ਲਾ ਲਾ ਵੇਂਹਦਾ ਹੈ ਤੇ ਕਹਿੰਦਾ ਹੈ, 'ਸੂਰਤ ਤਾਂ ਕਿਸੀ ਕਾਫ਼ਰ ਦੀ ਨਜ਼ਰ ਆਉਂਦੀ ਹੈ, ਰੁੜ੍ਹਨ ਦਿਓ ਸੂ। ਜਿਤਨੇ ਮਰਨ ਉਤਨੇ ਹੀ ਚੰਗੇ।'

ਇਹ ਸੁਣ ਕਲਗੀਧਰ ਜੀ ਨੇ ਦੋਹਾਂ ਵਲ ਤਰਸ-ਭਰੀ ਨਜ਼ਰ ਨਾਲ ਤਕਿਆ ਤੇ ਕਿਹਾ-

**ਜਗਤ ਜਲੰਦਾ ਡਿਠੁ ਮੈ, ਹਉਮੈ ਦੂਜੈ ਭਾਇ।।** (੬੫੧)

ਹਾਂ, ਦੂਜੇ ਭਾਇ ਕਰਕੇ ਜਗਤ ਸੜ ਰਿਹਾ ਹੈ, ਸੁਲ੍ਹਾ ਦੇ ਰਸੂਲ ਗੁਰੂ ਨਾਨਕ ਦਾ ਉੱਚਾ ਸੰਦੇਸ਼ਾ 'ਸਰਬ ਮੈ ਪੇਖੈ ਭਗਵਾਨੁ' ਹੀ ਮਨੁੱਖ-ਵਿਅਕਤੀ ਦੀ ਵਿਛੜੀ ਹੋਈ ਚਾਲ ਨੂੰ ਦਰੁਸਤ ਕਰ ਸਕਦਾ ਹੈ।

"ਊਚ ਨੀਚ ਮਹਿ ਜੋਤਿ ਸਮਾਈ, ਘਟਿ ਘਟਿ ਮਾਧਉ ਜੀਆ" ਦਾ ਸਿਧਾਂਤ ਹੀ ਸੰਸਾਰ ਦੇ ਅੰਦਰ ਭਰਾਤ੍ਰੀ ਭਾਵ ਪੈਦਾ ਕਰ ਸਕਦਾ ਹੈ। ਆਪ ਜੀ ਨੇ ਰੁੜ੍ਹੀ ਜਾ ਰਹੀ ਲੋਥ ਵਲ ਪਿਆਰ ਭਰੇ ਨੈਣਾਂ ਨਾਲ ਵੇਖਿਆ ਤੇ ਕਿਹਾ, ਹਾਂ ! ਮੇਰੇ ਪਿਆਰੇ ਚਿੱਤਰਕਾਰ ਦੀ ਕਾਰੀਗਰੀ ਬੇਤਰਸ ਨਦੀ ਦਾ ਪ੍ਰਵਾਹ ਅਨਜਾਣ-ਪੁਣੇ ਨਾਲ ਨਾਸ ਕਰਨ ਲੱਗਾ ਹੈ।' ਇਹ ਕਹਿ ਛਾਲ ਮਾਰੀ, ਬਿਖੜੇ ਦਾਉ ਲੰਘਾਵਣਹਾਰ ਕਿਰਪਾਲੂ ਪਿਤਾ ਜੀ ਪਲੋ ਪਲੀ ਵਿਚ ਲੋਥ ਨੂੰ ਪਕੜ ਬਾਹਰ ਕੱਢ ਲਿਆਏ ਅਤੇ ਇਕ ਪੱਧਰ ਜਹੀ ਥਾਂ 'ਤੇ ਜਾ ਲਿਟਾਇਆ।

ਕੌਤਕਹਾਰ ਜੀ ਅੱਜ ਦੀਵਾਨ ਵਿਚ ਨਹੀਂ ਪੁਜ ਸਕੇ। ਇਸ ਲਈ ਆਪਣੇ ਪਰਉਪਕਾਰੀ ਮਾਲਕ ਜੀ ਦੇ ਮਹਿਰਮ ਭਾਈ ਦਇਆ ਸਿੰਘ ਜੀ ਕੁਝ ਸਿੰਘਾਂ ਸਮੇਤ ਉਸੇ ਥਾਂ ਆ ਪੁਜਦੇ ਹਨ। ਕੀ ਵੇਖਦੇ ਹਨ ਕਿ ਇਕ ਸਰੀਰ ਮੁਰਦੇ ਵਾਂਗ ਪਿਆ ਹੈ, ਜਿਸ ਦਾ ਸਿਰ ਸਤਿਗੁਰੂ ਜੀ ਦੀ ਝੋਲੀ ਵਿਚ ਹੈ ਤੇ ਕਲਗੀਧਰ ਜੀ ਦਾ ਕੋਮਲ ਹੱਥ ਉਸ ਦੇ ਸਿਰ 'ਤੇ ਫਿਰ ਰਿਹਾ ਹੈ। ਇਸ ਅਸਚਰਜ ਕੌਤਕ ਨੂੰ ਵੇਖ ਪਿਆਰਿਆਂ ਵਲੋਂ ਅਵਾਜ਼ ਆਈ-

ਜਾ ਕਉ ਕੋਇ ਨ ਰਾਖੈ ਪ੍ਰਾਣੀ,
ਤਿਸੁ ਤੂ ਦੇਹਿ ਅਸਰਾਉ।।੧।।
ਨਿਧਰਿਆ ਧਰ ਨਿਗਤਿਆ ਗਤਿ,
ਨਿਥਾਵਿਆ ਤੂ ਥਾਉ।।
ਦਹਦਿਸ ਜਾਂਉ ਤਹਾਂ ਤੂ ਸੰਗੇ,
ਤੇਰੀ ਕੀਰਤਿ ਕਰਮ ਕਮਾਉ।।੨।। (੧੨੦੨)

ਰੁੜ੍ਹਦਿਆਂ ਨੂੰ ਬੰਨੇ ਲਾਉਣ ਵਾਲੇ ਪਾਤਸ਼ਾਹ, ਤੂੰ ਧੰਨ ਹੈਂ ! ਜਿਸ ਗੋਦ ਲਈ ਸੁਰ ਨਰ ਮੁਨਿ ਜਨ ਤੇ ਦੇਵਤੇ ਤਰਸਦੇ ਹਨ ਉਸ ਪਿਆਰੀ ਗੋਦੀ ਵਿਚ ਪਿਆ ਸਰੀਰ ਕੌਣ ਹੈ? ਇਹ ਰਾਜਾ ਬਿਆਸਪੁਰ ਦਾ ਅਹਿਲਕਾਰ ਅਰ ਇਕ ਵੱਡਾ ਗੁਰ-ਦ੍ਰੋਹੀ ਹੈ। ਇਸ ਦੀ ਵਿਭਚਾਰਨ ਇਸਤ੍ਰੀ ਨੇ ਕੋਈ ਮੰਦ-ਕਰਮ ਕਰਨ ਲਈ ਇਸ ਨੂੰ ਸੁਤਿਆਂ ਪਿਆਂ ਨਦੀ ਵਿਚ ਰੁੜ੍ਹਵਾ ਦਿੱਤਾ ਹੈ। ਪਤਿਤ ਪਾਵਨ ਬਖ਼ਸ਼ਿੰਦ ਜੀ ਇਸ ਗੁਰ-ਦ੍ਰੋਹੀ ਨੂੰ ਕਿਸ ਉਚੇ ਪਿਆਰ ਨਾਲ ਹੋਸ਼ਾਂ ਵਿਚ ਲਿਆ ਰਹੇ ਹਨ-ਵਾਹ ! ਵਾਹ !!

ਖ਼ਾਲਸੇ ਬੇਕੀਨਾ ਗੁਰ ਗੋਬਿੰਦ ਸਿੰਘ।।
ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ।।

...............................

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ,
ਫਿਰਿ ਸਰਣਿ ਗੁਰ ਆਵੈ।।
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ,
ਸਤਸੰਗਤਿ ਨਾਲਿ ਰਲਾਵੈ।। (੮੫੫)

ਨੇਤਰ ਖੋਲ੍ਹੇ, ਵੇਖਿਆ, ਕਿਥੇ ਪਿਆ ਹਾਂ ? ਉਸ ਦੀ ਗੋਦ ਵਿਚ ਜਿਸ ਨਾਲ ਮੈਂ ਧ੍ਰੋਹ ਤੇ ਅਤਿ ਵੈਰ ਕਮਾਉਂਦਾ ਰਿਹਾ। ਹਾਇ ! ਕਿਹੀ ਗੋਦ ਹੈ, ਅੰਦਰਲਾ ਠਰਦਾ ਜਾਂਦਾ ਹੈ। ਸੱਚ ਮੁਚ ਇਹ ਸੁਖ ਦਾ ਚਸ਼ਮਾ ਤੇ ਪਿਆਰ ਦਾ ਸੋਮਾ ਹੈ।' ਕਠੋਰ ਹਿਰਦੇ ਦਾ ਕੜ ਪਾਟ ਪਿਆ, ਪਸਚਾਤਾਪ ਨੇ ਕਲੇਜਾ ਚੀਰ ਸੁਟਿਆ ਤੇ ਅੱਖਾਂ ਨੇ ਛਹਿਬਰ ਲਾ ਦਿੱਤੀ। ਸਿਰ ਚਰਨਾਂ 'ਤੇ ਡਿਗ ਪਿਆ, ਵਿਲਕਦੀ ਤੇ ਥਿੜ੍ਹਕਵੀਂ ਜੀਭ ਨਾਲ ਬੋਲਿਆ-

"ਹੇ ਨਰਾਇਣ ਰੂਪ, ਸੁਖਾਂ ਦੇ ਜਨਕ, ਉਪਕਾਰੀ ਦਾਤਾ, ਵੈਰੀਆਂ ਨੂੰ ਗਲੇ ਲਾਉਣਹਾਰ ਜੀਉ, ਮੈਂ ਭਾਰਾ ਕੁਕਰਮੀ ਹਾਂ, ਜੀਉਂਦਾ ਸ਼ੈਤਾਨ ਹਾਂ। ਆਪਣੇ ਪਵਿੱਤਰ ਤੇ ਸੋਹਲ ਹੱਥਾਂ ਨੂੰ ਮੇਰੇ ਪਾਪੀ ਤੇ ਅਪਵਿੱਤਰ ਸਰੀਰ ਤੋਂ ਵਿੱਥ ਤੇ ਰੱਖੋ। ਮੇਰੀ ਭ੍ਰਿਸ਼ਟੀ ਦੇਹ ਆਪ ਜੀ ਦੇ ਹਸਤ-ਕਮਲਾਂ ਦੀ ਛੋਹ ਦੇ ਯੋਗ ਨਹੀਂ।"

ਧੰਨ ਕਲਗੀਧਰ ਜੀ ! ਸੱਚਾ ਗੁਰੂ ਹੈ, ਪਾਪੀਆਂ, ਸਾਕਤਾਂ ਤੇ ਧ੍ਰੋਹੀਆਂ ਨੂੰ ਵੀ ਪਿਆਰ ਕਰਕੇ ਨਰਕੋਂ ਖਿਚ ਕੱਢਦਾ ਹੈ, ਗਲੇ ਲਾਉਂਦਾ ਹੈ।



www.AKJ.Org

'ਦੁੱਖ-ਭੰਜਨ ਸੁਖ-ਰਾਇ' ਸਤਿਗੁਰੂ ਜੀ ਦੇ ਇਸ ਪਿਆਰ ਨੇ ਗੁਰ-ਦ੍ਰੋਹੀ ਦਾ ਵੈਰ ਪ੍ਰੇਮ ਵਿਚ ਬਦਲ ਦਿੱਤਾ।

ਅੱਜ ਇਕ ਗੁਰ-ਦ੍ਰੋਹੀ ਦੀ ਪਾਪਾਂ ਭਰੀ ਜ਼ਿੰਦਗੀ ਪਲਟਾ ਖਾ ਕੇ ਸਿੱਖੀ ਸਿਦਕ ਵਿਚ ਵਟੀਜ ਗਈ ਹੈ, ਕੁਟਲਤਾ ਭਰਿਆ ਵਲਦਾਰ ਹਿਰਦਾ ਸਿੱਧਾ ਸਰਲ ਹੋ ਗਿਆ ਹੈ, ਮਲੀਨ ਬੁੱਧੀ ਸਵੱਛ ਹੋ ਗਈ ਹੈ। ਵੈਰ ਭਰੇ ਦਿਲ ਦੀ ਦੁਬਿਧਾ ਦੀ ਮੈਲ ਧੋਤੀ ਗਈ ਹੈ। ਮਲੀਨ ਮਨੂਰ ਪਾਰਸ ਨੂੰ ਭੇਟ ਕੇ ਕੰਚਨ ਬਣ ਗਿਆ ਹੈ। ਕਾਗ ਬ੍ਰਿਤੀ ਹੰਸ ਬ੍ਰਿਤੀ ਹੋ ਨਿਬੜੀ ਹੈ। ਬਾਵਨ ਚੰਦਨ ਸਤਿਗੁਰੂ ਦੇ ਚਰਨਾਂ ਦੀ ਛੋਹ ਅੰਦਰੋਂ ਥੋਥੇ ਤੇ ਗੰਠੀਲੇ ਬਾਂਸ ਨੂੰ 'ਸੁਵਾਸ' ਬਖ਼ਸ਼ ਲਾਖੀਣਾ ਕਰ ਗਈ ਹੈ। ਜ਼ਹਿਰ ਦਾ ਬੂਟਾ ਅੱਜ ਅੰਮ੍ਰਿਤ ਬਿਰਖ ਦਾ ਅੰਮ੍ਰਿਤ-ਰਸ ਭਰਿਆ ਫਲ ਹੋ ਗਿਆ ਹੈ। ਅੰਮ੍ਰਿਤ ਛਕ ਕੇ ਇਹ ਭਾਈ ਗਜਰਾਜ ਸਿੰਘ ਬਣਿਆ ਅਤੇ ਕਲਗੀਧਰ ਜੀ ਦੇ ਜੰਗਾਂ ਵਿਚ ਇਸ ਨੇ ਸ਼ਹੀਦੀ ਦੀ ਪਦਵੀ ਪਾਈ।

x x x x x x x x

ਬਖ਼ਸ਼ਸ਼ ਦੀ ਨਦਰ ਨਾਲ ਲੋਹਿਓਂ ਲਾਲ ਕਰਨ ਵਾਲੇ ਸਤਿਗੁਰੂ ਜੀ ਦੇ ਇਸ ਕੌਤਕ ਨੂੰ ਦੋਵੇਂ ਰਾਹੀ-ਪੰਡਤ ਤੇ ਮੁਸਲਮਾਨ, ਡਾਢੀ ਗਹੁ ਨਾਲ ਵੇਖ ਰਹੇ ਸਨ। ਪੰਡਤ ਜੀ ਰਹਿ ਨਾ ਸਕੇ, ਲਾਗੇ ਜਾ ਕੇ ਭਾਈ ਦਇਆ ਸਿੰਘ ਤੋਂ ਪੁੱਛ ਕੀਤੀ ਕਿ ਇਹ ਕੌਣ ਹੈ ਜਿਸ ਨੂੰ ਬਚਾਣ ਲਈ ਸਤਿਗੁਰੂ ਜੀ ਨੇ ਨਦੀ ਦੇ ਠਰੇ ਸੀਤਲ ਜਲ ਵਿਚ ਛਾਲ ਮਾਰੀ ਅਤੇ ਹੁਣ ਜਿਸ ਨਾਲ ਇਤਨਾ ਪਿਆਰ ਕਰ ਰਹੇ ਹਨ।

ਭਾ: ਦਇਆ ਸਿੰਘ ਜੀ- ਇਹ ਰਾਜੇ ਬਿਲਾਸਪੁਰ ਦਾ ਅਹਿਲਕਾਰ ਇਕ ਵਡਾ ਗੁਰੂ-ਦ੍ਰੋਹੀ ਹੈ।

ਪੰਡਤ- ਗੁਰ-ਦ੍ਰੋਹੀ ? ਆਪਣੇ ਵੈਰੀ ਨਾਲ ਇੰਨਾ ਪਿਆਰ ?

ਸਿੰਘ ਜੀ- ਪੰਡਤ ਜੀ, 'ਗੁਰ ਪੂਰਾ ਨਿਰਵੈਰ ਹੈ, ਨਿੰਦਕ ਦੋਖੀ ਬੇਮੁਖ ਤਾਰੇ।' ਇਹ ਨਿਰਵੈਰ ਸਤਿਗੁਰੂ ਵੈਰੀਆਂ ਦੇ ਨਿੰਦਕਾਂ ਨੂੰ ਵੀ ਗਲੇ ਲਾਉਂਦਾ ਹੈ। ਇਹ ਜਗਤ-ਪਿਤਾ ਭੁੱਲੜ ਬੱਚਿਆਂ ਨੂੰ ਮਿੱਠੇ ਦਿਲਾਸੇ ਦੇਂਦਾ ਹੈ, ਬੱਚਿਆਂ ਦੇ ਅਪਰਾਧ ਨਹੀਂ ਚਿਤਾਰਦਾ ਅਤੇ ਲੋੜ ਅਨੁਸਾਰ ਥੋੜ੍ਹੀ ਬਹੁਤੀ ਝਿੜਕ ਦੇ ਕੇ, ਮੁੜ ਗਲ ਲਾ ਲਾਡ ਲਡਾਉਂਦਾ ਹੈ।

ਪੰਡਤ-ਮੇਰੇ ਖਿਆਲ ਵਿਚ ਇਕ ਪਾਪੀ ਜਰਵਾਣੇ ਨੂੰ ਬਚਾਉਣਾ, ਬਦੀ ਕਰਨ ਲਈ ਉਸ ਵਿਚ ਜਾਨ ਪਾਉਣੀ ਹੈ ਭਾਵ ਬਦੀ ਵਿਚ ਵਾਧਾ ਕਰਨਾ ਹੈ। ਜੋ ਦੁੱਧ ਪਿਲਾ ਕੇ ਸੱਪਾਂ ਨੂੰ ਪਾਲੇਗਾ ਉਹ ਅੰਤ ਨੂੰ ਆਪਣੇ ਬੱਚੇ ਉਨ੍ਹਾਂ ਤੋਂ ਡੰਗਵਾਏਗਾ। ਬਘਿਆੜ ਦੇ ਬੱਚੇ ਪਾਲਣ ਵਾਲਾ ਕਿਸੀ ਦਿਨ ਉਨ੍ਹਾਂ ਤੋਂ ਆਪਣਾ ਤਨ ਪੜਵਾਏਗਾ।

ਸਿੰਘ ਜੀ- ਪੰਡਿਤ ਜੀ, ਬਦੀ ਆਪਣੀ ਸਜ਼ਾ ਆਪ ਹੈ। ਬਦੀ ਕਰਨ ਵਾਲਾ ਕਦੇ ਅੰਦਰੋਂ ਠੰਡਾ ਨਹੀਂ। ਜਿਸ ਸਰੀਰ ਵਿਚ ਵੈਰ ਹੈ ਉਹ ਸੁਖੀ ਨਹੀਂ। ਜਿਸ ਸਮੇਂ ਪਾਪੀ ਆਪਣੇ ਪਾਪਾਂ ਦੇ ਜਾਲ ਵਿਚ ਫਸਦੇ ਹਨ ਉਹੋ ਸਮਾਂ ਉਨ੍ਹਾਂ ਦੇ ਸੁਧਾਰ ਦਾ ਹੁੰਦਾ ਹੈ। ਦਾਤਾ ਜੀ ਦੱਸਦੇ ਹਨ ਕਿ ਉਨ੍ਹਾਂ ਨੂੰ ਦੰਡ ਦੇਣ ਦੀ ਥਾਂ ਵਿਸ਼ੇਸ਼ ਕਰਕੇ ਉਹ ਵੇਲਾ ਉਨ੍ਹਾਂ ਦੇ ਅਮੋੜ ਮਨ ਨੂੰ ਸਿੱਧਾ ਕਰਨ ਲਈ ਵਰਤ ਲੈਣਾ ਚਾਹੀਦਾ ਹੈ। ਸੋ ਅਸੀਂ ਸਾਕਤ ਪੁਰਸ਼ਾਂ ਤੇ ਵੈਰ ਵਾਲੇ ਸੁਭਾਵ ਨੂੰ ਪਿਆਰ ਨਾਲ ਜਿੱਤ, ਉਸ ਅੰਦਰ ਪ੍ਰੇਮ ਦਾ ਵਾਸ ਕਰਨ ਲਈ ਯਤਨ ਕਰਦੇ ਹਾਂ। ਸੱਪਾਂ ਨੂੰ ਪਾਲਣਾ ਠੀਕ ਜ਼ਹਿਰ ਵਧਾਣੀ ਹੈ, ਪਰ ਸਤਿਗੁਰੂ ਦੀ ਬਾਣੀ ਕਹਿੰਦੀ ਹੈ-'ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਉ।' ਦੰਦਾਂ ਪਿਛੇ ਵਿਹੁ ਭਰੀਆਂ ਥੈਲੀਆਂ ਵਿਚ ਅੰਮ੍ਰਿਤ ਭਰ ਦੇਵਣਾ ਸੁਜਾਨ ਸਤਿਗੁਰੂ ਦਾ ਅਨੋਖਾ ਕ੍ਰਿਸ਼ਮਾ ਹੈ। ਸੰਸਾਰੀ ਨਜ਼ਰਾਂ ਨਾਲ ਠੀਕ ਹੈ ਕਿ ਬਘਿਆੜ ਪਾਲਣਾ ਆਪਣੇ ਆਪ ਨੂੰ ਖ਼ਤਰੇ ਵਿਚ ਪਾਣਾ ਹੈ, ਪਰ ਸਾਡੇ ਬਾਬੇ ਦੀ ਬਾਣੀ ਦਸਦੀ ਹੈ-

> ਸਤਿਗੁਰੂ ਚਰਨ ਜਿਨ੍ ਪਰਸਿਆ,
> ਸੇ ਪਸੁ ਪਰੇਤ ਸੁਰਿ ਨਰ ਭਇਆ।।੨।।੬।।(੧੩੯੯)

ਪਸ਼ੂ ਸਰੀਰ ਵਿਚ ਤਾਂ ਭਾਵੇਂ 'ਪਸੂ ਬ੍ਰਿਤੀ' 'ਮਨੁੱਖ ਬ੍ਰਿਤੀ' ਨਹੀਂ ਬਣ ਸਕਦੀ, ਪਰ ਮਨੁੱਖ ਢਾਂਚੇ ਵਿਚ 'ਪਸੂ ਬ੍ਰਿਤੀ' ਯਤਨ ਕਰਨ ਨਾਲ 'ਮਨੁੱਖ ਬ੍ਰਿਤੀ' ਬਣ ਸਕਦੀ ਹੈ। ਸੋ ਅਵਸਰ ਮਿਲਣ 'ਤੇ-ਸਤਿਗੁਰੂ ਬਖ਼ਸ਼ੇ-ਅਸੀਂ ਯਤਨ ਕਰਦੇ ਹਾਂ ਕਿ 'ਪਸੂ ਬ੍ਰਿਤੀ' ਵਾਲੇ ਪੁਰਸ਼ ਦਾ ਸੁਭਾਵ ਪਲਟ ਦਿਤਾ ਜਾਵੇ ਅਤੇ ਉਹ 'ਦੁਖਦਾਈ ਜੰਤ' ਤੋਂ ਜਗਤ ਨੂੰ ਸੁਖ ਦੇਣ ਵਾਲਾ 'ਸੁਖਦਾਈ ਜੰਤ' ਹੋ ਜਾਵੇ। ਸੋ 'ਭਯ-ਭੰਜਨ ਤੇ ਪਰ-ਪੀਰ-ਨਿਵਾਰਨ' ਸਤਿਗੁਰੂ ਜੀ ਨੂੰ ਇਕ ਜੀਵ ਦੁਖ ਵਿਚ ਦਿਸਿਆ। ਆਪ ਜੀ ਨੇ ਇਸੀ ਭਾਵ ਹੇਠ ਉਸ ਦਾ ਦੁਖ ਹਰਨ ਦਾ ਉਪਰਾਲਾ ਕੀਤਾ, ਚਾਹੇ ਉਹ ਕੋਈ ਸੀ। ਦੂਜੀ ਗੱਲ ਇਹ ਵੀ ਹੈ ਕਿ ਕਿਸੀ ਦੇ ਕਰਮ ਟਲਣੇ ਤੇ ਉਸ ਨੂੰ ਦੰਡ ਦੇਣਾ ਸਾਡਾ ਧਰਮ ਨਹੀਂ। ਸਾਡਾ ਧਰਮ ਹੈ-



www.AKJ.Org

ਅਉਗਣ ਸਭਿ ਮਿਟਾਇ ਕੈ,
ਪਰਉਪਕਾਰੁ ਕਰੇਇ।। (੨੧੮)

ਸਿੱਖੀ ਉਹ ਪਵਿੱਤਰ ਨੈਂ ਹੈ ਜੋ ਪਿਆਰ ਦੇ ਸੋਮੇ ਗੁਰੂ ਨਾਨਕ ਪਾਤਸ਼ਾਹ ਤੋਂ ਨਿਕਲ ਜਿਧਰ ਵੀ ਮੂੰਹ ਕਰਦੀ ਹੈ, ਪ੍ਰੇਮ ਹੀ ਪ੍ਰੇਮ ਪਸਾਰਦੀ ਚਲੀ ਜਾਂਦੀ ਹੈ।

ਪੰਡਤ- ਇਤਨਾ ਪਿਆਰ ਭਰਿਆ ਹਿਰਦਾ ਰਖ ਕੇ ਫਿਰ ਗਾਤਰੇ ਕਿਰਪਾਨ ਰਖਣ ਦੇ ਕੀ ਅਰਥ ? ਗੁਰੂ ਨਾਨਕ ਦੇਵ ਜੀ ਭਗਤੀ ਦੇ ਅਵਤਾਰ, ਪਿਆਰ ਦੇ ਅਵਤਾਰ, ਸੁਲਾਹ ਦੇ ਅਵਤਾਰ, ਭਗਤਾਂ ਦੇ ਸ਼੍ਰੋਮਣੀ ਤੇ ਨਾਰਾਇਣ ਦੇ ਅਵਤਾਰ ਹੋਏ ਹਨ, ਉਨ੍ਹਾਂ ਦੀ ਗੱਦੀ 'ਤੇ ਤਲਵਰੀਆ' ? ਅਸਚਰਜ ਹੈ।

ਸਿੰਘ ਜੀ - ਪੰਡਤ ਜੀ, ਇਸ ਗੱਲ ਦੇ ਸਮਝਣ ਵਿਚ ਬੜੇ ਬੜੇ ਸਿਆਣਿਆਂ ਨੂੰ ਵੀ ਭੁਲੇਖਾ ਲਗ ਰਿਹਾ ਹੈ। ਸੋ ਇਸ ਵੀਚਾਰ ਨੂੰ ਰਤਾ ਗਹੁ ਨਾਲ ਸੁਣਨਾ :-

ਆਦਮੀ ਆਦਮੀ ਨਹੀਂ ਰਿਹਾ, ਸ਼ਕਲ ਆਦਮੀਆਂ ਦੀ ਹੈ, ਪਰ ਸੁਭਾਵ ਪਸ਼ੂ ਹਨ। ਜਿੱਧਰ ਵੇਖੋ ਤ੍ਰਿਸ਼ਨਾ ਤੇ ਈਰਖਾ ਦੇ ਤਾਪ ਚੜ੍ਹ ਰਹੇ ਹਨ। ਉਸੀ ਤਾਪ ਵਿਚ ਆਦਮੀ ਤਪਿਆ ਹੋਇਆ ਨੱਠਾ ਫਿਰਦਾ ਹੈ। ਪਸ਼ੂ ਬ੍ਰਿਤੀ ਪ੍ਰਧਾਨ ਹੈ। ਆਪਣੇ ਹੱਕ ਦੀ ਪਛਾਣ ਤੇ ਦੂਸਰੇ ਤੇ ਹੱਕ ਦਾ ਸਤਿਕਾਰ ਨਹੀਂ ਰਿਹਾ। ਅਕਾਲ ਪੁਰਖ ਨੇ ਇਸ ਨੂੰ ਸਿਕਦਾਰ ਬਣਾਇਆ ਸੀ ਪਰ ਇਸ ਦੇ ਅੰਦਰੋਂ ਨਿਆਂ ਦੀ ਕਣੀ ਉੱਡ ਜਾਣ ਕਰਕੇ ਸਿਕਦਾਰ ਤ੍ਰਿਗਦ ਜੋਨ ਤੋਂ ਵੀ ਮੰਦਾ ਹੋ ਗਿਆ ਹੈ। ਪਸ਼ੂ ਤਾਂ ਪੇਟ ਭਰ ਕੇ ਲਿੱਸਿਆਂ ਨੂੰ ਢੁੱਡ ਮਾਰਨ ਤੇ ਉਨ੍ਹਾਂ ਦੇ ਪੱਠੇ ਖਾਣ ਤੋਂ ਹੱਟ ਜਾਂਦਾ ਹੈ ਪਰ ਆਦਮੀ ਰਜਿਆ ਹੋਇਆ ਵੀ ਆਪਣੇ ਤੋਂ ਕਮਜ਼ੋਰ ਦਾ ਨੱਕ ਕੁਚਲਣ ਤੋਂ ਬਸ ਨਹੀਂ ਕਰਦਾ।

ਲੋਭ-ਲਹਿਰ ਅੰਦਰ ਕੁੱਤੇ ਦੀ ਤਰ੍ਹਾਂ ਹਲਕੇ ਹੋਏ ਜਾਬਰ-ਜਰਵਾਣਿਆਂ ਨੇ ਸੰਸਾਰ ਨੂੰ ਦੁਖੀ ਕਰ ਰਖਿਆ ਹੈ। ਗਰੀਬਾਂ ਦੀ ਹਰ ਸ਼ੈ 'ਤੇ ਇਨ੍ਹਾਂ ਦਾਅਵੇ ਬੰਨ੍ਹ ਝੂਠੇ ਦਾਅਵੇਦਾਰਾਂ ਤੋਂ ਤੰਗ ਹੈ।

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ।।
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ।।
(੧੨੪੨)

ਇਨ੍ਹਾਂ ਨੇ ਪਰਾਇਆ ਹੱਕ (ਮੁਰਦਾਰ) ਆਪਣਾ ਖਾਜਾ ਬਣਾ ਰਖਿਆ ਹੈ। ਧਰਮ ਬੀਚਾਰ, ਇਨਸਾਫ਼-ਨਿਆਂ, ਆਪਣੇ 'ਤੇ ਸੰਤੋਖ, ਪਿਆਰ ਤੇ ਦਇਆ ਜੈਸੇ ਦੈਵੀ ਗੁਣਾਂ ਤੋਂ ਆਦਮੀ ਵਿਰਵਾ ਹੋ ਗਿਆ ਹੈ। ਅਸਲੀ ਆਦਮੀ ਦਾ ਨਮੂਨਾ 'ਰੱਬ ਦਾ ਮਨੁੱਖ' 'ਆਦਰਸ਼-ਵਾਦੀ' ਜਿਹੋ ਜਿਹਾ ਰੱਬ ਚਾਹੁੰਦਾ ਹੈ, ਉਹ ਦਿਸਦਾ ਨਹੀਂ, ਸਗੋਂ ਆਪਣੇ ਤੋਂ ਕਮਜ਼ੋਰਾਂ ਨੂੰ ਭੈ ਦੇ ਰਿਹਾ ਤੇ ਤਕੜਿਆਂ ਤੋਂ ਭੈ ਖਾ ਰਿਹਾ ਹੈ।

ਸਾਡੇ ਸਤਿਗੁਰੂ ਨੇ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਦੀ ਸਿਖਿਆ ਦੇਂਦਿਆਂ ਫ਼ੁਰਮਾਇਆ ਹੈ ਕਿ ਨਾ ਕਿਸੇ ਤੋਂ ਡਰਨਾ ਹੈ ਤੇ ਨਾ ਕਿਸੇ ਨੂੰ ਡਰਾਉਣਾ ਹੈ। ਇਸ ਨਮੂਨੇ ਦੀ ਕਾਇਮੀ ਲਈ ਗੁਰ-ਜੋਤਿ ਕੰਮ ਕਰ ਰਹੀ ਹੈ। ਆਪ ਨਮੂਨਾ ਬਣ ਕੇ ਦਸ ਰਹੇ ਹਨ ਅਤੇ ਗੁਰੂ ਹੋ ਕੇ ਸਿਖਾਲ ਰਹੇ ਹਨ। ਪਰ ਜਿਨ੍ਹਾਂ ਸਾਕਤਾਂ ਨੂੰ ਮੁਰਦਾਰ (ਪਰਾਇਆ ਧਨ) ਖਾਣ ਦਾ ਚਸਕਾ ਪੈ ਚੁੱਕਾ ਹੈ, ਉਹ ਹੁਣ ਉਗਲ ਉਗਲ ਕੇ ਬਿਖ ਸੁਟ ਰਹੇ ਹਨ ਤੇ ਹਲਕਿਓਂ ਵਿਚ ਭੌਂਕ ਰਹੇ ਹਨ। ਅਰ ਇਸ ਅੰਮ੍ਰਿਤ ਦੇ ਸੋਮੇ ਅੱਗੇ ਪਸ਼ੂ-ਬਲ ਦੇ ਸੰਗੀਨ ਪੱਥਰ ਸੁੱਟ, ਇਸ ਦੇ ਪਵਿੱਤਰ ਪ੍ਰਵਾਹ ਨੂੰ ਰੋਕਣਾ ਚਾਹੁੰਦੇ ਹਨ।

ਸੋ ਫ਼ਕੀਰ ਨੇ ਹੱਥ ਵਿਚ ਤਲਵਾਰ ਪਕੜ ਲਈ ਹੈ, ਕਾਰਨ ਕੋਈ ਰਾਜਸੀ ਭੁੱਖ ਨਹੀਂ। ਸਗੋਂ ਕਾਰਨ ਇਹ ਹੈ ਕਿ ਹਲਕਾ ਕੁੱਤਾ ਹਲਕਿਓਂ ਦੇ ਦੁੱਖ ਤੋਂ ਤੜਪ ਰਿਹਾ ਹੈ, ਅਤੇ ਬਾਕੀ ਸੁਆਸ ਵੀ ਉਸ ਦੁੱਖ ਵਿਚ ਹੀ ਭੋਗਣੇ ਹਨ। ਹਲਕੇ ਕੁੱਤੇ ਨੂੰ ਖਤਮ ਕਰਕੇ ਉਸ ਦਾ ਦੁੱਖ ਤੋਂ ਛੁਟਕਾਰਾ ਕੀਤਾ ਜਾਵੇ ਅਤੇ ਨਾਲ ਹੀ ਇਸ ਦੀ ਪਾਪਾਂ ਭਰੀ ਮੜ੍ਹੋਲੀ ਦੇ ਟੁੱਟ ਜਾਣ 'ਤੇ ਜਗਤ, ਜਿਸ ਨੂੰ ਇਹ ਆਪਣੇ ਹਲਕਿਓਂ ਤੋਂ ਦੁਖੀ ਕਰ ਰਿਹਾ ਹੈ, ਸੁਖੀ ਹੋ ਜਾਵੇਗਾ।

'ਕੋਟਿ ਬ੍ਰਹਮੰਡ ਕੇ ਠਾਕੁਰ ਸੁਆਮੀ' ਜਗਤ ਨੂੰ ਸੁਖੀ ਵੇਖਣਾ ਚਾਹੁੰਦਾ ਹੈ, ਪਿਤਾ ਨਹੀਂ ਚਾਹੁੰਦਾ ਕਿ ਉਸ ਦੇ ਪੁਤ ਆਪਸ ਵਿਚ ਵੈਰ ਕਰਨ। ਸੋ ਗੁਰੂ-ਜੋਤਿ ਧਰਮ ਤੇ ਪ੍ਰੇਮ ਦਾ ਰਾਜ ਅਸਥਾਪਨ ਕਰਨਾ ਚਾਹੁੰਦੀ ਹੈ। ਕਲਗੀਧਰ ਜੀ ਨੇ ਆਪਣੇ ਪਾਵਨ ਮੁਖਾਰਬਿੰਦ ਤੋਂ ਆਪਣੇ ਪਰਗਟ ਹੋਣ ਦਾ ਕਾਰਨ ਇਉਂ ਦੱਸਿਆ ਹੈ-

ਹਮ ਇਹ ਕਾਜ ਜਗਤ ਮੋ ਆਏ।।
ਧਰਮ ਹੇਤ ਗੁਰਦੇਵ ਪਠਾਏ।।
ਜਹਾਂ ਤਹਾਂ ਤੁਮ ਧਰਮ ਬਿਥਾਰੋ।।
ਦੁਸਟ ਦੋਖੀਅਨਿ ਪਕਰਿ ਪਛਾਰੋ।। ੪੨।।
ਯਾਹੀ ਕਾਜ ਧਰਾ ਹਮ ਜਨਮੰ।।
ਸਮਝ ਲੇਹੁ ਸਾਧੂ ਸਭ ਮਨਮੰ।।
ਧਰਮ ਚਲਾਵਨ ਸੰਤ ਉਬਾਰਨ।।


www.AKJ.Org

ਦੁਸਟ ਸਭਨ ਕੋ ਮੂਲ ਉਪਾਰਨ।। ੪੩।।

ਧਰਮ ਬਿਥਾਰਨਾ ਹੈ। ਅਧਰਮ ਦੂਰ ਕਰਨਾ ਹੈ, ਚਾਹੇ ਉਪਦੇਸ਼ ਰਾਹੀਂ,ਚਾਹੇ ਨਾਮ ਦੀ ਦਾਤ ਦੇ ਕੇ, ਅਤੇ ਚਾਹੇ ਤਲਵਾਰ ਰਾਹੀਂ।

ਪੰਡਤ ਜੀ- ਭਾਈ ਜੀ, ਗੁਰੂ । ਅਵਤਾਰ ਵਿਚ ਤਾਂ ਆਸੁਰੀ ਗੁਣਾਂ ਦਾ ਅਭਾਵ ਹੋਣਾ ਚਾਹੀਦਾ ਹੈ। ਵੈਰ ਤੇ ਕ੍ਰੋਧ ਜੋ ਆਸੁਰ ਗੁਣ ਹਨ, ਇੰਨ੍ਹਾਂ ਤੋਂ ਬਗੈਰ ਤਲਵਾਰ ਕਿਵੇਂ ਚਲ ਸਕਦੀ ਹੈ।

ਸਿੰਘ ਜੀ- ਪੰਡਤ ਜੀ, ਆਪ ਚੰਗੇ ਵਿਦਵਾਨ ਨਜ਼ਰ ਆਉਂਦੇ ਹੋ। ਆਪ ਨੂੰ ਇਹ ਗੱਲ ਮੰਨਣੀ ਪਵੇਗੀ ਕਿ 'ਕਰਮੀ' ਆਪਣੀ ਜਾਤ ਵਿਚ ਚੰਗਾ ਜਾਂ ਮੰਦਾ ਨਹੀਂ। ਕਰਮ ਕਰਨ ਵਾਲੇ (ਕਰਤਾ) ਦੇ ਅੰਦੂਰਨੀ ਭਾਵ ਉਸ ਨੂੰ ਚੰਗਾ ਜਾਂ ਮੰਦਾ ਰੂਪ ਦੇਂਦੇ ਹਨ। ਸਾਡੇ ਮਹਾਂ ਵਿਦਵਾਨ ਭਾਈ ਗੁਰਦਾਸ ਜੀ ਨੇ ਲਿਖਿਆ ਹੈ-

ਜੈਸੇ ਕੁਲਾ ਬਧੂ ਅੰਗ ਖੋੜਸ ਸ਼ਿੰਗਾਰ ਕਰੇ,
ਗਨਕਾ ਰਚਤ ਤੇਈ ਸਗਲ ਸ਼ਿੰਗਾਰ ਜੀ।।
ਕੁਲਾ ਬਧੂ ਸੇਜਾ ਸਮੈ ਰਮਤ ਭਰਤਾਰ ਏਕੈ,
ਵੇਸਵਾ ਤੇ ਅਨੇਕਨ ਸੋ ਕਰੇ ਵਿਭਚਾਰ ਜੀ।।
ਕੁਲਾ ਬਧੂ ਸੰਗਮ ਸੁਜਸ ਨਿਰਦੋਖ ਮੋਖ,
ਵੇਸਵਾ ਪਰਸਤ ਅਪਜਸ ਹੂੰ ਵਿਕਾਰ ਜੀ।।
ਤੈਸੇ ਗੁਰਸਿਖਨ ਕੋ ਪਰਮ ਪਵਿਤ੍ਰ ਮਾਇਆ,
ਸੋਈ ਦੁਖਦਾਇਕ ਹੈ ਦਾਤ ਸੰਸਾਰ ਜੀ।।

ਉਚੀ ਕੁਲ ਵਾਲੀ ਪਤਿਬ੍ਰਤਾ ਇਸਤ੍ਰੀ ਤੇ ਉੱਧਰ ਇਕ ਬਜ਼ਾਰੀ ਵੇਸਵਾ, ਸ਼ਿੰਗਾਰ ਦੋਵੇਂ ਕਰਦੀਆਂ ਹਨ। ਕੁਲਾ ਬਧੂ ਦਾ ਸ਼ਿੰਗਾਰ ਆਪਣੇ ਪਤੀ ਦੀ ਪ੍ਰਸੰਨਤਾ ਤੇ ਉਸਨੂੰ ਰੀਝਾਣ ਲਈ ਹੈ, ਪਰ ਕੁਲਖਣੀ ਵੇਸਵਾ ਉਸੀ ਸ਼ਿੰਗਾਰ ਨੂੰ ਅਨੇਕਾਂ ਨਾਲ ਵਿਭਚਾਰ ਤੇ ਪਾਪ ਕਮਾਉਣ ਲਈ ਵਰਤਦੀ ਹੈ, ਇਕੋ ਸ਼ਿੰਗਾਰ ਪਤਿਬ੍ਰਤਾ ਨੂੰ ਦੋਂਹੀ ਸਰਾਈਂ ਸੁਰਖ਼ਰੂ ਤੇ ਗਨਿਕਾ ਨੂੰ ਦੋਹੀਂ ਸਰਾਈਂ ਜ਼ਰਦਰੂ ਕਰ ਦੇਂਦਾ ਹੈ।

ਵੈਦ ਦਾ ਛੁਰੀ ਨਾਲ ਫੋੜਿਆਂ ਨੂੰ ਚੀਰਨਾ ਤੇ ਰਾਜ਼ੀ ਨਾ ਹੋਣ ਯੋਗ ਗੰਦੇ ਅੰਗਾਂ ਨੂੰ ਕਟ ਦੇਣਾ ਕਦੀ ਵੀ ਵੈਰ-ਭਾਵ ਨਹੀਂ ਹੁੰਦਾ, ਪਰ ਉਹੀ ਛੁਰੀ ਇਕ ਡਾਕੂ ਦੇ ਹੱਥ ਆਈ ਬੇਦੋਸ਼ਿਆਂ ਦੇ ਢਿਟ ਪਾੜਨ ਲਈ ਵਰਤੀ ਜਾਵੇਗੀ। ਇਥੇ ਡਾਕਟਰ ਤੇ ਡਾਕੂ ਦੇ ਮਾਨਸਕ ਭਾਵਾਂ ਨੇ ਇਕੋ ਕਰਮ ਨੂੰ ਚੰਗਾ ਤੇ ਮੰਦਾ ਵਖੋ ਵਖਰਾ ਰੂਪ ਦਿਤਾ ਹੈ। ਸੋ ਜਿਥੇ ਸ਼ਸਤ੍ਰ ਵੈਰ ਵਿਰੋਧ ਕਰਕੇ ਚਲਾਇਆ ਜਾ ਸਕਦਾ ਹੈ ਉਥੇ ਉਹੀ ਸ਼ਸਤ੍ਰ ਪਿਆਰ ਤੇ ਦਇਆ ਕਰਕੇ ਵੀ ਵਰਤਿਆ ਜਾ ਸਕਦਾ ਹੈ।

ਖ਼ਾਲਸਾ ਦਲ ਵਾਹਿਗੁਰੂ ਜੀ ਦੀ ਫ਼ੌਜ ਹੈ। ਰੱਬ ਦੇ ਸਿਪਾਹੀ ਆਸੁਰੀ ਸੰਪ੍ਰਦਾ ਦਾ ਦਾਰੂ ਸਿੱਕਾ ਨਹੀਂ ਵਰਤਦੇ, ਜੋ ਵਰਤਦੇ ਹਨ ਉਹ ਰੱਬ ਦੇ ਨਹੀਂ। ਇੰਨ੍ਹਾਂ ਦਾ ਨਿਸ਼ਾਨਾ ਇਹ ਹੈ ਕਿ ਅਧਰਮ ਅਚੇਤ ਵੀ ਨਹੀਂ ਕਰਨਾ। ਹਮੇਸ਼ਾਂ ਨੇਕੀ ਦੇ ਸੰਕਲਪ ਵਿਚ ਰਹਿਣਾ ਹੈ। ਛੋਟੇ ਤੋਂ ਛੋਟੇ ਦਾ ਵੀ ਬੁਰਾ ਨਹੀਂ ਮੰਗਣਾ। ਪਰ 'ਧਰਮ ਚਲਾਵਨ' ਤੇ 'ਸੰਤ ਉਬਾਰਨ' ਖ਼ਾਤਰ ਜੇ ਲੋੜ ਪਵੇ ਤਾਂ ਤਲਵਾਰ ਨਾਲ ਦੁਸ਼ਟਾਂ ਦੀਆਂ ਸਫ਼ਾਂ ਵਲ੍ਹੇਟ ਕੇ ਰਖ ਦੇਣੀਆਂ ਹਨ।

ਕਲਗੀਧਰ ਜੀ ਦੇ ਨਿਵਾਜੇ ਫ਼ਕੀਰ-ਸਿਪਾਹੀ ਬਾਣੀ ਤੇ ਨਾਮ ਦੇ ਅਭਿਆਸੀ ਹਨ। ਬਾਣੀ ਦਾ ਅਭਿਆਸ ਤੇ ਸਿਮਰਨ ਹੀ ਮਨੁੱਖ ਦੇ ਮਾਨਸਿਕ ਭਾਵਾਂ ਨੂੰ ਸ਼ੁੱਧ ਤੇ ਉੱਚਾ ਰਖ ਸਕਦੇ ਹਨ। ਸੋ ਇਨ੍ਹਾਂ ਸ਼ੁੱਧ ਤੇ ਨਿਰਮਲ ਹੋਏ ਯੋਧਿਆਂ ਦੇ ਹੱਥ ਫੜੀ ਤਲਵਾਰ ਵੈਰ, ਕੀਨੇ ਤੇ ਨਫਰਤ ਦਾ ਹਥਿਆਰ ਨਹੀਂ। ਇਹ ਦੀਨ-ਰਖਿਆ ਦੀ ਢਾਲ ਹੈ, ਚੜ੍ਹਦੀ ਕਲਾ ਦਾ ਨਿਸ਼ਾਨ (Symbol) ਹੈ। ਇਹ ਤਲਵਾਰ ਜ਼ੁਲਮ ਨਹੀਂ ਕਰਦੀ, ਜ਼ੁਲਮ ਨੂੰ ਰੋਕਦੀ ਹੈ। ਇਨ੍ਹਾਂ ਫ਼ਕੀਰ 'ਤਲਵਰੀਆਂ' ਨੂੰ ਪਾਪ-ਭਰੀ ਮੁਲਕਗੀਰੀ ਦੀ ਹਵਸ ਨਹੀਂ ਹੈ। ਜ਼ੁਲਮ ਦੂਰ ਕਰਨ ਦੀ ਖ਼ਾਹਸ ਅਤੇ ਪਸ਼ੂ-ਬਲ ਅੱਗੇ ਆਪਣੀ ਉਚੀ ਰੂਹਾਨੀਅਤ ਨੂੰ ਨਾ ਝੁਕਾਣ ਦੀ ਬੀਰਤਾ ਇਨ੍ਹਾਂ ਅੰਦਰ ਅਕਿਹ ਹੈ, ਕਿਉਂਕਿ ਇੰਨ੍ਹਾਂ ਅੰਦਰ 'ਸਰਬ-ਸੱਚਾ' ਵਸਦਾ ਹੈ।

'ਨਿਰਭਉ ਜਪੈ ਸਗਲ ਭਉ ਮਿਟੈ' ਦੇ ਉਪਾਸ਼ਕਾਂ ਦੀ ਗਰਦਨ ਜ਼ਾਲਮ ਕਮੀਨੇ ਅੱਗੇ ਕਦੇ ਨਹੀਂ ਝੁਕ ਸਕਦੀ। ਨਿਰੰਤਰ ਰੱਬੀ ਲਿਵ ਵਾਲੇ 'ਤਲਵਰੀਏ' ਹਾਂ ਸ਼ਸਤ੍ਰਧਾਰੀ ਫ਼ਕੀਰ ਸਾਡੇ ਵਿਚ ਰਾਜ-ਰਿਖੀਆਂ ਤੋਂ ਵੀ ਵਧ ਸ੍ਰੇਸ਼ਟ ਹਨ। ਇਨ੍ਹਾਂ ਦੀ ਪਦਵੀ ਜੋਗੀਆਂ ਤੋਂ ਵੀ ਉਤਮ ਹੈ। ਆਤਮਾ ਦਾ ਨਿਰਮਲ, ਮਨ ਦਾ ਨਰੋਆ ਤੇ ਸਰੀਰ ਦਾ ਬਲਵਾਨ ਹੋਣਾ ਇਹ ਅਸਲੀ ਨਮੂਨਾ ਮਨੁੱਖ ਦਾ ਹੈ, ਜੋ ਜਗਤ ਨੂੰ ਸੁਖੀ ਕਰ ਸਕਦਾ ਹੈ। ਜਿਤਨਾ ਇਹ ਨਮੂਨਾ ਵਧੇਗਾ ਇਤਨਾ ਹੀ ਸੰਸਾਰ ਅੰਦਰ ਭਰਾਤ੍ਰੀ ਭਾਵ ਤੇ ਸੁਖ ਵਧੇਗਾ। ਤਲਵਾਰ ਚਲਾਣ ਦਾ ਅਤੀ ਨਾਜ਼ਕ ਕੰਮ ਇਸ ਨਮੂਨੇ ਵਾਲੇ ਆਦਰਸ਼ਕ ਬੰਦਿਆਂ ਦੇ ਹੱਥੀਂ ਹੋਣਾ ਚਾਹੀਦਾ ਹੈ। ਜਗਤ ਠੋਕਰਾਂ ਖਾ ਖਾ ਕੇ ਖਵਾਰ ਹੋ ਕੇ ਇਸ ਨਮੂਨੇ ਵਲ ਆਵੇਗਾ ਤੇ ਜ਼ਰੂਰ ਆਵੇਗਾ।

ਖਵਾਰ ਹੋਇ ਸਭ ਮਿਲੇਂਗੇ, ਬਚੇ ਸ਼ਰਨ ਜੋ ਹੋਇ।।



www.AKJ.Org

# ਦਸਮੇਸ਼ ਜੀ ਦੇ ਸਾਂਗੋ ਪਾਂਗ ਦਰਸ਼ਨ

(ਭਾਈ ਸਾਹਿਬ ਭਾਈ ਰਣਧੀਰ ਸਿੰਘ)

ਤੇਰੇ ਦੰਤ ਰਸਾਲਾ ਲੰਬੜੇ ਬਾਲਾ, ਗਾਲ੍ਹ ਭਾਲ ਲਬ ਲਾਲਾ ਜੀ।
ਤੇਰੇ ਲਾਲ ਲਬਾਲਾ, ਲਾਲ ਦੋ ਗਾਲ੍ਹਾ, ਲਾਲ ਤੇਰਾ ਹੈ ਭਾਲਾ ਜੀ।
ਤੇਰਾ ਮਸਤਕ ਭਾਲ ਲਾਲ ਸੁੰਦਰਾਲਾ, ਮੁਖੜਾ ਲਾਲ ਗੁਲਾਲਾ ਜੀ।
ਤੇਰੇ ਲਾਲ ਮੁਖਾਲ ਦੁਆਲੇ ਸੋਹੇ, ਕਾਲ ਨਾਗ ਜ਼ੁਲਫਾਲਾ ਜੀ।
ਤੇਰੇ ਜ਼ੁਲਫ ਨਾਗ ਦੁਇ ਕਾਲੇ ਦੇ, ਵਿਚਕਾਲੇ ਮੁਖ ਸੁਰਖ਼ਾਲਾ ਜੀ।
ਤੇਰੇ ਸੁਰਖ਼ ਰੰਗ ਰੁਖ਼ਸਾਰ ਵਿਚਾਲੇ, ਖ਼ਾਲ ਫਬੇ ਮੁਸ਼ਕਾਲਾ ਜੀ।
ਤੇਰੇ ਮੁਸ਼ਕੀ ਕਾਲੇ ਖ਼ਾਲ ਦੁਆਲੇ, ਖਿੜਿਆ ਬਾਗ ਫੁਲਾਲਾ ਜੀ।
ਤੇਰੇ ਫੁਲ ਗੁਲਾਬੀ ਚੇਹਰੇ ਦੇ, ਚੌਫੇਰੇ ਘਨਾ-ਘਟਾਲਾ ਜੀ।
ਇਸ ਘਨ ਘਟ ਸਿਆਮ ਵਿਚਾਲੇ, ਲਿਸ਼ਕੇ ਬੀਜਲ ਚੰਦ ਮੁਖਾਲਾ ਜੀ।
ਇਸ ਬੀਜਲ ਚੰਦ ਚਰਾਗ ਮੁਖੇ ਤੇ, ਚੜ੍ਹਿਆ ਚੰਦ ਨਿਰਾਲਾ ਜੀ।
ਚੰਦ ਚਾਰ ਲਗੇ ਇਸ ਚੰਦ-ਮੁਖਾਰ ਨੂੰ, ਦਾਮਨ ਦੰਤ ਰਸਾਲਾ ਜੀ।
ਇਹ ਦਮਕੇ ਦਾਮਨ ਦੰਤ ਜਦੋਂ,ਭਇਆ ਚਾਰ ਚੁਫੇਰ ਉਜਾਲਾ ਜੀ।
ਇਹ ਦਾਮਨ ਦੰਤ ਉਜਾਲਾ ਹੈ ਕਿ, ਚੜ੍ਹਿਆ ਭਾਨ ਠਰਾਲਾ ਜੀ।
ਇਸ ਭਾਨ ਠਰੂਰ ਠਰਾਲੇ ਸੌਹੇਂ, ਕੀ ਸੂਰਜ ਚੰਦਰਾਲਾ ਜੀ।
ਇਹ ਸੂਰ ਚੰਦ ਸਭ ਮੰਦ ਪਏ, ਮੁਖ ਬਿੰਦ ਝਲਕ ਦਿਖਰਾਲਾ ਜੀ।
ਇਹ ਝਲਕ ਫ਼ਲਕ ਤੇ ਪਸਰ ਗਈ, ਬਣਿ ਕ੍ਰਿਸ਼ਮ ਜੋਤਿ ਕਿਰਨਾਲਾ ਜੀ।
ਇਸ ਕਿਰਨ-ਜੋਤਿ ਦੀ ਕ੍ਰਿਸ਼ਮ-ਕਣੀ ਤੋਂ, ਮਣੀ ਲਾਲ ਇਕ ਢਾਲਾ ਜੀ।
ਇਸ ਮਣੀ ਲਾਲ ਦੀ ਢਾਲ ਢਲੀ ਵਿਚ, ਖ਼ਾਸ ਸਚੀ ਟਕਸਾਲਾ ਜੀ।
ਢਾਲਿ ਖ਼ਾਸ ਸਚੀ ਟਕਸਾਲੋਂ ਹੈ, ਇਕ ਖ਼ਾਸ ਨੂਰ ਡਲ੍ਹਕਾਲਾ ਜੀ।
ਇਸ ਡਲ੍ਹਕ ਝਲਕ ਨੂੰ ਖ਼ਲਕ ਦੇਖ ਕੇ ਦੰਗ ਹੋਈ ਬਿਸਮਾਲਾ ਜੀ।
ਇਹ ਜੋਤਿ-ਨੂਰ ਦਾ ਬੁੱਕਾ ਡਲ੍ਹਕੇ, ਕਿ ਝਲਕੇ ਮੁਖ ਨੂਰਾਲਾ ਜੀ।
ਇਸ ਨੂਰ ਨੁਰਾਲੇ ਮੁਖ ਸਿਖਰਾਲੇ ਸੀਸ ਨੂਰ ਕੇਸਾਲਾ ਜੀ।
ਇਸ ਨੂਰੀ ਕੇਸਾਂ ਵਾਲੇ ਸੀਸ ਦੁਆਲੇ ਨੂਰ ਦੁਮਾਲਾ ਜੀ।
ਇਸ ਜੋਤਿ ਜਲਾਲੇ ਦਮਕ ਦਮਾਲੇ ਦੁਆਲੇ ਨੂਰ ਨਿਰਾਲਾ ਜੀ।
ਹੈ ਜੋਤਿ ਦਾਮਨੀ ਚਕਰ ਸੁਦਰਸ਼ਨ, ਮਣੀ ਜੋਤਿ ਜੜਤਾਲਾ ਜੀ।
ਮਣਿ ਜੋਤਿ ਜੜਾਲੇ ਚਕ੍ਰ ਨਾਲੇ, ਜਗਵਗ ਜੋਤਿ ਜਿਗਾਲਾ ਜੀ।
ਇਸ ਜਿਗਾ ਜਗਮਗੀ ਜੋਤਿ ਜਮਾਲੋਂ ਜਗੇ ਨਵੀਨ ਜਲਾਲਾ ਜੀ।
ਇਸ ਨਵ-ਜਲਾਲ ਦੀ ਲਿਸ਼ਕ-ਲਹਿਰ ਦਾ ਅਰਸ਼ਾਂ ਤੋੜ ਉਜਾਲਾ ਜੀ।
ਜਦ ਨੀਝ ਲਾਇ ਦੇਖਾਂ ਤਾਂ ਹੈ ਇਹ ਕਲਗੀ ਦਾ ਝਲਕਾਲਾ ਜੀ। ........ ।
ਇਕ ਬੁੱਕਾ ਨੂਰ ਜ਼ਹੂਰੀ ਹੈ, ਮੇਰਾ ਸਤਿਗੁਰੁ ਕਲਗੀਆਂ ਵਾਲਾ ਜੀ।

('ਦਰਸ਼ਨ ਝਲਕਾਂ' ਪੁਸਤਕ ਵਿਚੋਂ)



www.AKJ.Org

# ਮਹਾਨ ਸ਼ਖਸ਼ੀਅਤ ਦੀ ਮਹਾਨ ਯੋਜਨਾ

ਡਾ: ਕੁਲਦੀਪ ਸਿੰਘ ਹਉਰਾ
162, ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ

(ਗੁਰੂ) ਤੇਗ ਬਹਾਦਰ ਜੀ ਨੇ ਗੁਰ-ਗੱਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਵੀਹ ਸਾਲਾਂ ਦਾ ਸਮਾਂ (1644-1664) ਜ਼ਿਲਾ ਅੰਮ੍ਰਿਤਸਰ ਦੇ ਇੱਕ ਪਸਿੱਤੇ ਪਿੰਡ ਬਕਾਲਾ ਵਿਖੇ ਗੁਜ਼ਾਰਿਆ। ਆਪ ਦੇ ਮਾਤਾ ਜੀ ਤੇ ਸੁਪਤਨੀ ਆਪ ਜੀ ਦੇ ਨਾਲ ਸਨ। ਇਥੇ ਆਪ ਜੀ ਨੇ 'ਭੋਰਾ ਸਾਹਿਬ' ਵਿਖੇ ਤਪੱਸਿਆ ਤੇ ਚਿੰਤਨ ਕੀਤਾ। ਇਸ ਪਿੰਡ ਆਪ ਦੇ ਨਾਨਕੇ ਸਨ।

ਕਈ ਲੇਖਕਾਂ ਦਾ ਵਿਚਾਰ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਨ੍ਹਾਂ ਦਾ ਬਚਪਨ ਦਾ ਨਾਂ ਤਿਆਗ ਮੱਲ ਸੀ ਤੇ ਕਰਤਾਰਪੁਰ ਦੇ ਯੁੱਧ 'ਚ ਬੜੀ ਬੀਰਤਾ ਤੇ ਜੌਹਰ ਵਿਖਾਉਣ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਨੂੰ 'ਤੇਗ ਬਹਾਦਰ' ਦੀ ਉਪਾਧੀ ਬਖਸ਼ੀ ਸੀ, ਗੰਭੀਰ ਸੁਭਾਅ ਅਤੇ ਚਿੰਤਨ ਕਰਨ ਵਾਲੇ ਹੋਣ ਕਰਕੇ ਸੰਸਾਰ ਦੇ ਧੰਧਿਆਂ ਤੋਂ ਉਪਰਾਮ ਹੋ ਕੇ ਏਥੇ ਆ ਬੈਠੇ ਸਨ। ਪਰ ਇਸ ਟਿੱਪਣੀ ਵਿਚ ਕੋਈ ਵਜ਼ਨ ਨਹੀਂ। ਮੀਰੀ ਪੀਰੀ ਦੇ ਮਾਲਕ ਦੇ ਸਾਹਿਬਜ਼ਾਦੇ, ਜਿਸ ਨੇ ਕਰਤਾਰਪੁਰ ਦੇ ਯੁੱਧ ਵਿਚ ਉਹ ਜੌਹਰ ਵਿਖਾਏ ਕਿ ਦਰਸ਼ਕ ਦੰਗ ਰਹਿ ਗਏ, ਨਿਰੇ ਉਪਰਾਮ ਬਿਰਤੀ ਵਾਲੇ ਨਹੀਂ ਸਨ ਹੋ ਸਕਦੇ, ਸਗੋਂ ਉਹ ਤਾਂ 'ਬ੍ਰਹਮ ਗਿਆਨੀ' ਤੇ ਸਫਲ ਵਿਉਂਤਕਾਰ ਸਨ। ਆਪ ਨੇ 'ਬਕਾਲੇ' ਵਿੱਚ ਬੈਠ ਕੇ ਪ੍ਰਭੂ ਨਾਲ ਲਿਵ ਜੋੜ ਕੇ 'ਸਿੱਖੀ ਲਹਿਰ' ਵਿਚ ਆਉਣ ਵਾਲੀਆਂ ਔਕੜਾਂ ਦਾ ਹੱਲ ਲੱਭਣ ਲਈ ਵਿਉਂਤ ਤਿਆਰ ਕੀਤੀ। ਭਾਰਤ ਦਾ ਇਤਿਹਾਸ ਉਸ ਸਮੇਂ ਬੜੀ ਤੇਜ਼ੀ ਨਾਲ ਬਦਲ ਰਿਹਾ ਸੀ ਤੇ 'ਹਿੰਦ-ਰਖਸ਼ਕ' ਸ੍ਰੀ ਗੁਰੂ ਤੇਗ ਬਹਾਦਰ ਜੀ ਇਹਨਾਂ ਸਾਰੀਆਂ ਤਬਦੀਲੀਆਂ ਨੂੰ ਬੜੀ ਦੀਰਘ ਸੋਚ-ਵਿਚਾਰ ਨਾਲ ਵੇਖ ਤੇ ਪੜਤਾਲ ਕਰ ਰਹੇ ਸਨ। ਮਜ਼ਲੂਮਾਂ ਤੇ ਹੁੰਦਾ ਜ਼ੁਲਮ ਵੇਖ ਕੇ ਆਪ ਦਾ ਕੋਮਲ ਹਿਰਦਾ ਪੰਘਰ ਉੱਠਿਆ ਤੇ ਆਪ ਨੇ ਮਜ਼ਲੂਮ -ਜਨਤਾ ਲਈ ਕੁਰਬਾਨੀ ਦੇਣ ਦੀ ਵਿਉਂਤ ਬਣਾ ਲਈ।

ਇਹ ਉਹ ਸਮਾਂ ਸੀ, ਜਦੋਂ ਸਾਮਰਾਜ-ਸ਼ਾਹੀ ਪੂਰੇ ਜ਼ੋਰ ਤੇ ਜ਼ੁਲਮ ਨਾਲ ਅਸਲੀਅਤ ਨੂੰ ਦਬਾ ਰਹੀ ਸੀ, ਜਦੋਂ ਜਨਤਾ ਦੀ ਆਵਾਜ਼ ਦੀ ਕੋਈ ਕਦਰ ਨਹੀਂ ਸੀ, ਜਦੋਂ ਜਨਤਕ ਹੱਕਾਂ ਨੂੰ ਪੈਰਾਂ ਥੱਲੇ ਮਧੋਲਿਆ ਜਾ ਰਿਹਾ ਸੀ, ਜਦੋਂ ਲੋਕਾਂ ਦਾ ਧਰਮ ਜ਼ਬਰਦਸਤੀ ਬਦਲਿਆ ਜਾ ਰਿਹਾ ਸੀ, ਜਦੋਂ 'ਸਤਨਾਮੀਏ' ਕੱਟੇ-ਵੱਢੇ ਜਾ ਰਹੇ ਸਨ ਤੇ 'ਸਰਮ' ਵਰਗੇ ਸੂਫ਼ੀ ਫ਼ਕੀਰਾਂ ਨੂੰ ਬੇਦਰਦੀ ਨਾਲ ਕਤਲ ਕੀਤਾ ਜਾ ਰਿਹਾ ਸੀ ਅਤੇ ਕੋਮਲ ਹੁਨਰ, ਕਵਿਤਾ, ਸੰਗੀਤ ਤੇ ਨ੍ਰਿਤ ਆਦਿ ਨੂੰ ਮਲੀਆਮੇਟ ਕੀਤਾ ਜਾ ਰਿਹਾ ਸੀ।

ਅਜਿਹੇ ਸਮੇਂ ਲੋੜ ਸੀ ਕਿ ਕੋਈ ਭਰਪੂਰ ਇਨਕਲਾਬੀ ਲਹਿਰ ਚਲਾਈ ਜਾਵੇ, ਜਿਹੜੀ ਇਸ ਸਭ ਕਾਸੇ ਦਾ ਡੱਟ ਕੇ ਟਾਕਰਾ ਕਰ ਸਕੇ। ਇਸ ਗੱਲ ਨੂੰ ਵਿਚਾਰਨ ਲਈ ਆਪ ਨੇ ਬਕਾਲੇ ਵਿੱਚ ਬੈਠ ਕੇ 'ਮਹਾਨ ਯੋਜਨਾ' ਬਣਾਈ। ਉਸ ਯੋਜਨਾ ਨੂੰ ਸਫਲ ਰੂਪ ਦੇਣ ਲਈ, ਆਪ ਨੇ, ਪੰਜਾਬ ਦੀ ਸਥਿਤੀ ਦਾ ਅਨੁਮਾਨ ਲਗਾਉਣ ਲਈ ਇੱਕ ਸੰਖੇਪ ਜਿਹਾ ਦੌਰਾ ਕੀਤਾ। ਬਕਾਲੇ ਤੋਂ ਉਹ ਅੰਮ੍ਰਿਤਸਰ ਗਏ। ਦਿਲ ਦੇ ਖੋਟੇ ਪੁਜਾਰੀਆਂ ਨੇ ਦਰਬਾਰ ਸਾਹਿਬ ਦੇ ਦਰਵਾਜ਼ੇ, ਗੁਰੂ ਕੇ ਮਹਿਲਾਂ 'ਚ ਜਨਮ ਲੈਣ ਵਾਲੇ 'ਹਿੰਦ-ਰਖਸ਼ਕ' ਲਈ ਬੰਦ ਕਰ ਦਿੱਤੇ। ਆਪ ਉਥੋਂ ਵੇਰਕੇ, ਤਰਨ ਤਾਰਨ, ਗੋਇੰਦਵਾਲ, ਖਡੂਰ ਹੁੰਦੇ ਹੋਏ ਕੀਰਤਪੁਰ ਵੱਲ ਨੂੰ ਜਾ ਪਧਾਰੇ, ਇਹ ਸੰਖੇਪ ਯਾਤਰਾ ਵੀ ਕਿਸੇ ਵਿਉਂਤਬੰਦੀ ਅਧੀਨ ਹੀ ਕੀਤੀ ਗਈ ਸੀ। ਆਪ ਦਾ ਮਨੋਰਥ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ, ਗੁਰੂ ਰਾਮਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ ਦੇ ਚਰਨ-ਛੋਹਾਂ ਨਾਲ ਪਵਿੱਤਰ ਹੋਏ ਸਥਾਨਾਂ ਦੀ ਚਰਨਧੂੜ ਤੋਂ ਪ੍ਰੇਰਨਾ ਲੈ ਕੇ ਉਥੇ ਆਉਣਾ ਸੀ ਜਿਥੇ ਛੇਵੇਂ, ਸਤਵੇਂ ਅਤੇ ਅੱਠਵੇਂ ਗੁਰੂ ਸਾਹਿਬ ਦੇ ਚਰਨ ਪਏ ਸਨ। ਉਸ ਅਸਥਾਨ ਦੀ ਧੂੜੀ ਵਿਚ ਕੋਈ ਅਕਸੀਰ ਸੀ। ਉਸ ਤੋਂ ਪ੍ਰੇਰਨਾ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਵਿਉਂਤ ਨੂੰ ਅਮਲੀ ਜਾਮਾ ਪਹਿਨਾਣਾ ਸੀ। ਪਰ ਧਰਮ ਦੇ ਨਾਂ ਤੇ ਲੋਕਾਂ ਨੂੰ ਧੋਖਾ ਦੇਣ ਵਾਲੇ 'ਬਹਿਰੂਪੀਏ' ਇਸ ਵਿਉਂਤ ਨੂੰ ਅਮਲ ਵਿੱਚ ਲਿਆਉਣ ਵਿੱਚ ਬਾਧਕ ਸਿੱਧ ਹੁੰਦੇ ਵੇਖਕੇ, ਗੁਰੂ ਸਾਹਿਬ ਨੇ ਠੀਕ ਸਮੇਂ ਦੀ ਉਡੀਕ ਕੀਤੀ ਕਿਉਂਕਿ 'ਘਰੋਗੀ ਫੁੱਟ' ਇਸ ਵਿੱਚ ਬਾਧਕ ਸਿੱਧ ਹੁੰਦੀ ਸੀ।

ਇਹ ਵਿਉਂਤ ਜਿਸ ਅਨੁਸਾਰ ਸਦੀਆਂ ਦੀ ਗੁਲਾਮੀ ਦੇ ਸੰਗਲਾਂ ਨੂੰ ਕੱਟਣਾਂ ਸੀ, ਜਿਸ ਅਨੁਸਾਰ ਚਿੜੀਆਂ ਨੇ ਬਾਜਾਂ ਨੂੰ ਤੋੜਨਾ ਸੀ, ਜਿਸ ਦੁਆਰਾ ਸਵਾ ਲੱਖ ਨਾਲ ਇੱਕ ਨੂੰ ਲੜਾ ਕੇ ਆਕਰਮਣ ਦੀ ਜੜ੍ਹ ਮੁੱਢੋਂ ਪੁੱਟਣੀ ਸੀ, ਜਿਸ ਅਨੁਸਾਰ ਕੁਰਬਾਨੀਆਂ ਦੀ ਇੱਕ ਲੰਮੀ ਲੜੀ ਤੋਰਨੀ ਸੀ, ਉਸ ਲਈ ਇਕਾਂਤ ਜਗ੍ਹਾ, ਸ਼ਾਂਤਮਨ ਤੇ ਸਾਫ-ਸੁਥਰੇ ਵਾਯੂ ਮੰਡਲ ਦੀ ਲੋੜ ਸੀ। ਇਸ ਲਈ ਗੁਰੂ ਸਾਹਿਬ



www.AKJ.Org

ਨੇ "ਮਾਖੋਵਾਲ" ਪਿੰਡ ਖਰੀਦ ਕੇ ਉਸ ਦੀ ਨਵੇਂ ਸਿਰਿਉਂ ਸਿਰਜਨਾ ਕਰਕੇ ਉਸਨੂੰ "ਅਨੰਦਪੁਰ" ਦਾ ਨਾਮ ਦਿੱਤਾ।

ਇਹ 'ਇਨਕਲਾਬੀ ਲਹਿਰ', ਜਿਸ ਦੀ ਵਿਉਂਤਬੰਦੀ ਕੀਤੀ ਜਾ ਰਹੀ ਸੀ, ਕੋਈ ਮਾਮੂਲੀ ਘਿਸੀ-ਪਿਟੀ ਤੇ ਪੁਰਾਣੀਆਂ ਲੀਹਾਂ ਤੇ ਚਲਣ ਵਾਲੀ ਨਹੀਂ ਸੀ, ਸਗੋਂ ਇਸ ਅਨੁਸਾਰ ਨਵੀਂਆਂ ਲੀਹਾਂ ਪੈਣੀਆਂ ਸਨ। ਸਿਰਾਂ ਦੇ ਸੌਦੇ ਹੋਣੇ ਸਨ, ਕਲਗੀਆਂ ਸੱਜਣੀਆਂ ਸਨ, ਰਣਜੀਤ ਨਗਾਰੇ ਖੜਕਣੇ ਸਨ, ਸ਼ਿਕਾਰ ਖੇਡੇ ਜਾਣੇ ਸਨ, ਫੌਜੀ-ਕਰਤਵਾਂ ਦੀਆਂ ਮਸ਼ਕਾਂ ਹੋਣੀਆਂ ਸਨ, ਮਸਤ ਹਾਥੀਆਂ ਨਾਲ ਇਕੱਲੇ-ਇਕੱਲੇ ਦੇ ਟਾਕਰੇ ਹੋਣੇ ਸਨ, ਪੁੱਤਰਾਂ ਦੀਆਂ ਬਲੀਆਂ ਦਿੱਤੀਆਂ ਜਾਣੀਆਂ ਸਨ, ਮਾਤਾ-ਪਿਤਾ ਤੇ ਜਾਨ ਨਾਲੋਂ ਪਿਆਰੇ ਸਾਥੀ ਵਾਰਨੇ ਪੈਣੇ ਸਨ, ਜੰਗਾਂ ਵਿੱਚ ਜੂਝਣਾ ਪੈਣਾ ਸੀ, ਚਲਦੀਆਂ ਗੋਲੀਆਂ 'ਚ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਹੋਣੇ ਸਨ, ਸਾਹਿਤ-ਸਿਰਜਨਾ ਹੋਣੀ ਸੀ, ਤੇਗ ਤੇ ਕਲਮ ਦੇ ਧਨੀਆਂ ਨੂੰ ਸਨਮਾਣਿਆਂ ਜਾਣਾ ਸੀ, ਕਾਵਿ-ਗ੍ਰੰਥ ਰਚੇ ਜਾਣੇ ਸਨ। ਇਸ ਮਹਾਨ ਯੋਜਨਾ ਅਧੀਨ ਜੋ ਮਹਾਨ ਕਾਰਜ ਹੋਣੇ ਸਨ ਉਸ ਦਾ ਢਾਂਚਾ ਬਕਾਲੇ ਵਿੱਚ ਤਿਆਰ ਕੀਤਾ ਗਿਆ ਸੀ ਤੇ ਉਸਨੂੰ ਅਮਲੀ ਰੂਪ ਅਨੰਦਪੁਰ ਵਿੱਚ ਦਿੱਤਾ ਜਾਣਾ ਸੀ। ਇਸ ਯੋਜਨਾ ਲਈ ਨਾਹਰਾ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਭਾਵ ਨਾ ਕਿਸੇ ਨੂੰ ਡਰਾਉਣਾ ਹੈ, ਨਾ ਕਿਸੇ ਤੋਂ ਡਰਨਾ ਹੈ। ਗੁਰੂ ਨਾਨਕ ਸਾਹਿਬ ਨੇ ਨਿਰਭਉ ਤੇ ਨਿਰਵੈਰ ਹੋਣ ਦੇ ਆਦੇਸ਼ ਦਿੱਤੇ ਸਨ, ਕਿਉਂਕਿ ਇਹ ਅਕਾਲ ਪੁਰਖ ਦੇ ਲੱਛਣ ਹਨ, ਇਸ ਨਾਹਰੇ ਦਾ ਪ੍ਰਤੀਕਰਮ ਦੇਖਣ ਲਈ ਨੌਵੇਂ ਪਾਤਸ਼ਾਹ ਜੀ ਨੇ ਮਾਲਵੇ ਤੇ ਬਾਂਗਰ ਦਾ ਦੌਰਾ ਕੀਤਾ। ਇਸ ਦੌਰੇ ਵਿੱਚ ਆਪ ਜੀ ਦੀ ਸ਼ਖਸ਼ੀਅਤ ਦਾ ਅਸਰ ਗੈਰ-ਹਿੰਦੂਆਂ ਨੇ ਵੀ ਕਬੂਲਿਆ, ਜਿਵੇਂ ਕਿ ਸੈਫ-ਉ-ਦੀਨ ਵਰਗੇ ਖੁਦਾਈ ਬੰਦੇ ਆਪ ਦੇ ਮੁਰੀਦ-ਬਣਨ ਦੇ ਚਾਹਵਾਨ ਹੋਏ।

ਇਨਕਲਾਬੀ-ਲਹਿਰ ਦੀ ਇਹ ਯੋਜਨਾ ਦਿੱਲੀ ਸਰਕਾਰ ਤੋ ਲੁਕੀ-ਛਿਪੀ ਨਹੀਂ ਸੀ ਤੇ ਇਸੇ ਲਈ ਸਾਮਰਾਜ ਸ਼ਾਹੀ ਘਬਰਾ ਰਹੀ ਸੀ। ਗੁਰੂ ਸਾਹਿਬ ਨੇ ਆਪਣੀ ਵਿਉਂਤ ਅਨੁਸਾਰ ਪੰਜਾਬ ਤੋਂ ਬਾਹਰ ਬਾਕੀ ਭਾਰਤ ਦਾ ਦੌਰਾ ਕਰਨਾ ਵੀ ਮੁਨਾਸਿਬ ਸਮਝਿਆ। ਉਹ ਇਸ ਲਹਿਰ ਨੂੰ "ਮੁਲਕਗੀਰ-ਲਹਿਰ" ਬਣਾਉਣਾ ਚਾਹੁੰਦੇ ਸਨ। ਇਸ ਲਈ ਆਪ ਨੇ ਉੱਤਰ ਪ੍ਰਦੇਸ਼ ਦਾ ਦੌਰਾ ਕੀਤਾ ਤੇ ਭਗਤ ਮਲੂਕ ਦਾਸ ਨੂੰ ਇਸ ਇਲਾਕੇ ਦਾ ਸੰਚਾਲਕ ਨਿਯੁਕਤ ਕੀਤਾ।

ਇਸ ਯੋਜਨਾ ਦੇ ਮੁਖ-ਨਾਇਕ ਗੁਰੂ ਜੀ ਆਪ ਸਨ। ਇਸ ਲਈ ਆਪ ਮਥਰਾ, ਆਗਰਾ ਤੇ ਪ੍ਰਯਾਗ ਆਦਿ ਥਾਵਾਂ ਤੇ ਵੀ ਗਏ। ਸਹਿਸਰਾਮ ਵਿਚ ਚਾਚਾ ਫੱਗੂ ਨੂੰ ਪ੍ਰਚਾਰਕ ਨਿਯੁਕਤ ਕੀਤਾ ਤੇ ਆਪ ਪਟਨੇ ਚਲੇ ਗਏ। ਬਿਹਾਰ ਦੇ ਲੋਕਾਂ ਨੂੰ ਆਪਣੀ ਯੋਜਨਾ ਸਮਝਾਈ। ਬੰਗਾਲ ਤੇ ਢਾਕੇ ਤੱਕ ਜਾ ਕੇ ਆਪਣੀ ਯੋਜਨ ਦਾ ਪਰਚਾਰ ਤੇ ਦੇਸ਼-ਵਾਸੀਆਂ ਦੀਆਂ ਭਾਵਨਾਵਾਂ ਨੂੰ ਪੜਤਾਲਿਆ।

ਅਮਨ ਤੇ ਸ਼ਾਂਤੀ ਦੇ ਦੂਤ ਗੁਰੂ ਤੇਗ ਬਹਾਦਰ ਸਾਹਿਬ ਨੇ ਔਰੰਗਜ਼ੇਬ ਦੀਆਂ ਫੌਜਾਂ ਨੂੰ ਆਸਾਮ ਦੇ ਰਾਜਾ ਨਾਲ ਭਿੜਨ ਤੋਂ ਬਚਾ ਕੇ ਇਕ ਸੱਚੇ ਰਾਸ਼ਟਰਵਾਦੀ ਅਤੇ ਮਾਨਵਤਾ ਦੇ ਰਾਖੇ ਹੋਣ ਦਾ ਸਬੂਤ ਦਿੱਤਾ। ਇਸ ਤਰ੍ਹਾਂ ਨਾਲ ਗੁਰੂ ਸਾਹਿਬ ਨੇ ਬਕਾਲੇ 'ਚ ਬੈਠ ਕੇ ਸੋਚੀ ਯੋਜਨਾ ਤੇ ਅਨੰਦਪੁਰ 'ਚ ਤਿਆਰ ਕੀਤੀ ਵਿਉਂਤਬੰਦੀ ਅਨੁਸਾਰ ਪੰਜਾਬ ਤੋਂ ਆਸਾਮ ਤੱਕ ਸਾਰਾ ਦੇਸ਼ ਜਗਾ ਦਿੱਤਾ, ਦੇਸ਼ ਵਾਸੀਆਂ ਅੰਦਰ ਨਵੀਂ ਰੂਹ ਫੂਕ ਦਿੱਤੀ।

ਦੇਸ਼ ਦਾ ਇੱਕ ਹਿੱਸਾ ਜਿਥੇ ਗੁਰੂ ਸਾਹਿਬ ਨਹੀਂ ਸਨ ਪੁੱਜੇ, ਆਪਣੇ ਆਪ "ਧਰਮ ਦੀ ਚਾਦਰ" ਦੀ ਓਟ ਵਿਚ ਆ ਗਿਆ, ਜਦੋਂ ਉਸ ਨੂੰ ਹੋਰ ਕਿਧਰੇ ਢੋਈ ਨਜ਼ਰ ਨਾ ਆਈ। ਕਸ਼ਮੀਰ ਦੀ ਜੰਨਤ-ਨੁਮਾ ਧਰਤੀ ਤੋਂ ਪੰਡਤ ਆਪਣੇ ਆਗੂ ਸ੍ਰੀ ਕਿਰਪਾ ਰਾਮ ਦੀ ਅਗਵਾਈ ਹੇਠ, ਗੁਰੂ ਸਾਹਿਬ ਦੀ ਸ਼ਰਨ ਵਿੱਚ ਅਨੰਦਪੁਰ ਆ ਪੁੱਜੇ। ਉਨ੍ਹਾਂ ਨੂੰ ਵੀ ਇਸ ਨਵੀਂ ਯੋਜਨਾ ਦੀ ਸੂਹ ਕੰਨੀ ਪੈ ਚੁੱਕੀ ਸੀ ਅਤੇ ਉਹ ਆਪਣੀ ਸੁਰੱਖਿਅਤਾ ਤੇ ਭਲਾਈ ਇਸੇ ਵਿਚ ਹੀ ਸਮਝਦੇ ਸਨ। ਉਨ੍ਹਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਉਹ "ਬਾਂਹਿ ਜਿਨ੍ਹਾਂ ਦੀ ਪਕੜੀਏ, ਸਿਰ ਦੀਜੈ ਬਾਂਹ ਨ ਛੋੜੀਏ" ਦੇ ਕਥਨੁਸਾਰ ਉਸ ਹਸਤੀ ਪਾਸ ਜਾ ਰਹੇ ਹਨ ਜੋ ਜਦੋਂ ਗਰੀਬਾਂ, ਮਾਸੂਮਾਂ, ਲਤਾੜਿਆਂ ਹੋਇਆਂ ਦੀ ਬਾਂਹ ਫੜ ਲਵੇ ਤਾਂ ਫੇਰ ਕੁਰਬਾਨੀ ਦੇ ਦੇਂਦੀ ਹੈ ਪਰ ਫੜੀ ਹੋਈ ਬਾਂਹ ਨਹੀਂ ਛੱਡਦੀ।

ਗੁਰੂ ਸਾਹਿਬ ਦੇ ਪੰਜਾਬ ਤੋਂ ਲੈ ਕੇ ਆਸਾਮ ਤੱਕ ਦੇ ਦੌਰੇ ਨਾਲ ਲੋਕਾਂ ਵਿੱਚ ਜਾਗ੍ਰਤੀ ਤੇ ਅਮਨ-ਚੈਨ ਦੀ ਲਹਿਰ ਫੈਲ ਗਈ। ਕਸ਼ਮੀਰ ਦੇ ਮਜ਼ਲੂਮ ਪੰਡਤਾਂ ਨੇ 25 ਮਈ 1675 ਨੂੰ ਅਨੰਦਪੁਰ ਹਾਜ਼ਰ ਹੋ ਕੇ, ਆਪਣੀ ਵੇਦਨਾ ਸੁਣਾ ਕੇ ਆਖਿਆ ਕਿ 'ਕਸ਼ਮੀਰ ਵਿਚ ਸੂਬੇਦਾਰ ਇਫਤਖਾਰ ਖਾਂ ਨੇ ਜਬਰੀ ਮੁਸਲਮਾਨ ਬਣਾਉਣ ਦੀ ਲਹਿਰ ਚਲਾਈ ਹੋਈ ਹੈ। ਸਾਡਾ ਧਰਮ ਬਚਾਓ।'

ਸਤਿਗੁਰੂ ਜੀ ਦੀ ਕੋਮਲ ਆਤਮਾ ਜ਼ੁਲਮਾਂ ਦੀਆਂ ਕਹਾਣੀਆਂ ਸੁਣ ਕੇ ਦ੍ਰਵ ਹੋ ਉੱਠੀ ਤੇ ਆਪ ਨੇ ਕਿਹਾ, " ਧਰਮ ਉਤੇ ਦ੍ਰਿੜ੍ਹ ਰਹਿਣ ਵਾਲਿਆਂ ਦੀ ਰਖਿਆ ਕਰਨਾ ਗੁਰੂ ਨਾਨਕ-ਗੱਦੀ ਦਾ ਫਰਜ਼ ਤੇ ਕਰਤੱਵ ਹੈ।"



www.AKJ.Org

ਨਾਂਵੇ ਪਾਤਸ਼ਾਹ ਜੀ ਨੇ ਮਹਿਸੂਸ ਕੀਤਾ ਕਿ ਜੋ ਵਿਉਂਤਬੰਦੀ ਕੀਤੀ ਗਈ ਹੈ, ਉਸ ਨੂੰ ਅਮਲੀ ਰੂਪ ਵਿਚ ਪੇਸ਼ ਕਰਨ ਦਾ ਸਮਾਂ ਆ ਪੁੱਜਾ ਹੈ। ਆਪਣੀ ਯੋਜਨਾ ਨੂੰ ਅੰਤਮ ਰੂਪ ਦੇਣ ਲਈ ਆਪ ਨੇ ਇਕ ਅਜ਼ਮਾਇਸ਼ ਕਰਨੀ ਮੁਨਾਸਿਬ ਸਮਝੀ, ਇਹ ਅਜ਼ਮਾਇਸ਼ 'ਨੌਂ ਸਾਲਾ ਬਾਲਾ ਪ੍ਰੀਤਮ ਜੀ' ਦੀ ਸੀ, ਜਿਨ੍ਹਾਂ ਇਸ ਸਾਰੀ ਵਿਉਂਤ ਨੂੰ ਆਪਣੇ ਹੱਥਾਂ ਵਿੱਚ ਲੈਣਾ ਸੀ।

ਕਸ਼ਮੀਰੀ-ਪੰਡਤਾਂ ਦੀ ਦੀਨ-ਦਸ਼ਾ ਬਾਰੇ ਆਪ ਗਹਿਰੀ ਸੋਚ ਵਿਚ ਲੀਨ ਸਨ। ਪਿਤਾ ਗੁਰਦੇਵ ਨੂੰ ਇਸ ਦਸ਼ਾ ਵਿੱਚ ਵੇਖ ਕੇ ਨੌਂ ਸਾਲਾ ਬਾਲਾ ਪ੍ਰੀਤਮ ਜੀ ਨੇ ਪੁੱਛ ਕੀਤੀ ਤਾਂ ਆਪ ਨੇ ਕਿਹਾ ਕਿ ਇਨ੍ਹਾਂ ਦੀਨ-ਦੁਖੀਆਂ ਦਾ ਕਸ਼ਟ ਤਾਂ ਹੀ ਦੂਰ ਹੋ ਸਕਦਾ ਹੈ ਜੇ ਕੋਈ ਮਹਾਨ ਵਿਅਕਤੀ ਆਪਣਾ ਬਲੀਦਾਨ ਦੇਵੇ, ਨੌਂ ਵਰ੍ਹਿਆਂ ਦੇ ਗੋਬਿੰਦ ਰਾਏ ਜੀ ਨੇ ਇਹ ਆਖ ਕੇ ਗੁਰੂ ਜੀ ਦੀ ਤਸੱਲੀ ਕਰਵਾ ਦਿੱਤੀ ਕਿ ਆਪ ਨਾਲੋਂ ਮਹਾਨ ਵਿਅਕਤੀ ਹੋਰ ਕਿਹੜਾ ਹੋ ਸਕਦਾ ਹੈ ?

ਐਸਾ ਚੜ੍ਹਦੀ ਕਲਾ ਵਾਲਾ ਉੱਤਰ ਸੁਣ ਕੇ ਸਤਿਗੁਰੂ ਨੂੰ ਆਪਣੇ ਉਤਰਾਧਿਕਾਰੀ 'ਤੇ ਪੂਰਾ-ਪੂਰਾ ਵਿਸ਼ਵਾਸ ਬੱਝ ਗਿਆ ਤੇ ਆਪ ਨੇ ਯੋਜਨਾ ਨੂੰ ਅਮਲੀ ਰੂਪ ਦੇਣ ਲਈ ਕਰਮ-ਖੇਤਰ ਵਿੱਚ ਪਹਿਲਾ ਵੱਡਾ ਮੌਅਜਜ਼ਾ ਦਿੱਲੀ ਦੇ ਚਾਂਦਨੀ ਚੌਕ ਵਿਚ ਜਾ ਵਿਖਾਇਆ, ਜਦੋਂ 'ਤੇਗ ਬਹਾਦਰ' ਦੀ ਯੋਜਨਾ ਅੱਗੇ ਜ਼ੁਲਮ ਤੇ ਜਬਰ ਦੀ ਤਲਵਾਰ ਝੁੱਕ ਗਈ ਤੇ ਸੁਰਲੋਕ ਵਿੱਚ ਜੈ ਜੈ ਕਾਰ ਹੋ ਗਈ। ਇਸ ਬਾਰੇ ਬਚਿੱਤ੍ਰ ਨਾਟਕ ਵਿਚਲਾ ਕਥਨ ਕਿਤਨਾ ਸਾਰਥਕ ਹੈ, "ਤੇਗ ਬਹਾਦਰ ਕੇ ਚਲਤ, ਭਯੋ ਜਗਤ ਮਹਿ ਸੋਕ।। ਹੈ੍ ਹੈ੍ ਹੈ੍ ਸਭ ਜਗ ਭਯੋ, ਜੈ ਜੈ ਜੈ ਸੁਰਲੋਕ।।"

ਇਹ ਉਹ ਸਫਲ ਯੋਜਨਾ ਸੀ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀਹ ਸਾਲ ਬਕਾਲੇ ਵਿਖੇ ਇਕ ਭੋਰੇ ਵਿਚ ਤਪੱਸਿਆ ਸਾਧ ਕੇ ਤਿਆਰ ਕੀਤੀ ਸੀ, ਜਿਸ ਨੇ ਨਿਰਬਲ ਮਨੁੱਖਤਾ ਨੂੰ ਬਲਵਾਨ ਬਣਾ ਦਿੱਤਾ, ਜਿਸ ਨੇ ਇਨਕਲਾਬ ਦੀ ਉਹ ਅਗਨੀ ਪ੍ਰਚੰਡ ਕੀਤੀ ਕਿ ਭਾਰਤ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਟੁੱਟਣ ਲੱਗੀਆਂ।

ਇਹ ਮਹਾਨ ਸ਼ਖਸ਼ੀਅਤ ਦੀ , ਮਹਾਨ ਜੀਵਨ ਦੇ ਮਹਾਨ ਸਾਲਾਂ ਵਿੱਚ ਤਿਆਰ ਕੀਤੀ ਮਹਾਨ ਯੋਜਨਾ ਸੀ, ਜਿਸਦਾ ਮਹਾਨ ਸਿੱਟਾ ਇਹ ਨਿਕਲਿਆ ਕਿ ਵਇਸ ਦੇ ਵਲੇਵੇਂ ਵਿੱਚ ਆਉਣ ਵਾਲੇ ਲੋਕਾਂ ਨੇ ਔਕੜਾਂ ਤੇ ਕਸ਼ਟਾਂ ਦਾ ਟਾਕਰਾ ਕਰਦਿਆਂ ਆਪਣੇ ਆਦਰਸ਼ ਦੀ ਪੂਰਤੀ ਕੀਤੀ।

ਇਸੇ ਮਹਾਨ ਯੋਜਨਾ ਸਦਕਾ ਅੱਜ ਦੇਸ਼ ਆਜ਼ਾਦ ਹੈ ਤੇ ਜਦ ਕਦੇ ਵੀ ਦੇਸ਼ ਤੇ ਕੋਈ ਭੀੜਾ ਬਣਦੀ ਹੈ ਤਾਂ ਇਸ ਮਹਾਨ ਯੋਜਨਾ ਦੇ ਮੁਦੱਈ ਦਾ ਉਚਾਰਿਆ ਹੋਇਆ ਆਦਰਸ਼ਕ-ਸੂਯਾ ਯਾਦ ਕਰਕੇ ਉੱਚੀ ਉੱਚੀ ਪੜ੍ਹਕੇ ਸਫਲਤਾ ਪ੍ਰਾਪਤ ਕੀਤੀ ਜਾਂਦੀ ਹੈ। ਅੱਜ ਵੀ 'ਹਵਾਲਿਆਂ', 'ਘੁਟਾਲਿਆਂ' ਤੇ 'ਹੱਲਿਆਂ' ਤੋਂ ਬਚਾਅ ਲਈ ਸਾਨੂੰ 'ਸ਼ੁਭ ਕਰਮ' ਕਰਨ ਤੇ ਜੂਝਣ ਦੀ ਲੋੜ ਹੈ। ਕਲਗੀਧਰ ਪਾਤਸ਼ਾਹ ਸੇਧ ਦਿੰਦੇ ਹਨ " ਦੇਹਿ ਸ਼ਿਵਾ ! ਬਰ ਮੋਹਿ ਇਹਾ ਸ਼ੁਭ ਕਰਮਨ ਤੇ ਕਬਹੂ ਨ ਟਰੋਂ।। ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ।। ਅਰਸਿਖਹੋਂ ਅਪਨੇ ਹੀ ਮਨ ਕੋ ਇਹ ਲਾਲਚ ਹਉਂ ਗੁਣ ਤਉ ਉਚਰੋਂ।। ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮਹਿ ਤਬ ਜੂਝ ਮਰੋਂ।।"

ਪੰਨਾ ੧੦ ਦਾ ਬਾਕੀ........

ਪਾਨ ਕਰਵਾ ਕੇ ਸੈਨਾ ਸਾਧ ਸਮੂਹ ਵਿਚ ਸ਼ਾਮਲ ਕੀਤਾ। ਇੱਕ ਕਾਮਲ ਮਨੋਵਿਗਿਆਨੀ ਦੇ ਤੌਰ ਤੇ ਮੁਰਦਾਂ ਰੂਹਾਂ ਵਿਚ ਨਵੀਂ ਜਾਨ ਪਾਈ। ਗਿੱਦੜ ਬਿਰਤੀ ਵਾਲੇ ਸਿੰਘ ਬਣ ਗਏ। ਇਹ ਨਾਮ ਦੇ ਨਾਲ ਸਿੰਘ ਸ਼ਬਦ ਲਾਉਣ ਦਾ ਕਮਾਲ ਸੀ। ਇਹ ਸਾਧਾਰਨ ਰਸਮ ਨਹੀਂ ਸੀ, ਇਸ ਵਿਚ ਸ਼ਕਤੀ, ਭਗਤੀ ਤੇ ਅਖੰਡਤਾ ਦੇ ਗੁਣਾਂ ਦੇ ਪ੍ਰਕਾਸ਼ ਕਰਨ ਦਾ ਸਾਰਥਕ ਰਹੱਸ ਸੀ।

ਆਪ ਸਹੀ ਅਰਥਾਂ ਵਿਚ ਦੇਸ਼ ਭਗਤ, ਦੇਸ਼ ਦਰਦੀ ਤੇ ਦੇਸ਼-ਹਿਤੈਸ਼ਨੀ ਸਨ। ਆਪ ਦਾ ਸੰਬੰਧ ਇਕ ਪ੍ਰਦੇਸ਼ ਨਾਲ ਨਹੀਂ ਭਾਰਤ ਦੇ ਕੋਨੇ ਕੋਨੇ ਨਾਲ ਸੀ। ਪ੍ਰਕਾਸ਼, ਪਟਨਾ (ਬਿਹਾਰ) ਪੂਰਬ ਵਿਚ ਖਾਲਸੇ ਦੀ ਸਥਾਪਨਾ ਤੇ ਸ਼ਕਤੀ ਦਾ ਕੇਂਦਰ ਸੀ ਅਨੰਦਪੁਰ ਸਾਹਿਬ ਉੱਤਰ ਵਿਚ, ਵਿਦਿਆ ਦਾ ਕੇਂਦਰ, ਗੁਰੂ ਦੀ ਕਾਂਸੀ, ਪੱਛਮ ਵਿਚ ਤੇ ਜੋਤੀ ਜੋਤ ਸਮਾਉਣ ਦਾ ਅਸਥਾਨ, ਸਚਖੰਡ ਨਾਂਦੇੜ ਦੱਖਣ ਵਿਚ ਹੋਣਾ, ਅਕਾਲ ਪੁਰਖ ਦੀ ਆਪਣੀ ਇੱਛਿਆ ਦਾ ਪ੍ਰਗਟਾਵਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਜਾਂ ਨਸ਼ੀਨ ਮੁਕਰੱਰ ਕਰਕੇ ਪੰਜਾਂ ਪਿਆਰਿਆ ਵਿਚ ਆਪਣੀ ਕਲਾ ਤੇ ਸ਼ਕਤੀ ਵਰਤਾਈ, ਇਉਂ ਕਲਗੀਧਰ ਪਿਤਾ ਨੇ ਗੁਰ ਸਿੱਖਾਂ ਨੂੰ ਗੁਰੂਡਮ ਦੀ ਪਰੰਪਰਾ ਦੇ ਚੱਕਰ ਤੋਂ ਅਛੋਹ ਰੱਖਿਆ ਤੇ ਪੰਥ ਨੂੰ ਬਿਖਰਨ ਤੋਂ ਬਚਾਇਆ ਹੈ।

ਗੁਰ ਸਿੱਖ ਨੂੰ ਪੂਰਨ ਵਿਸ਼ਵਾਸ ਹੈ ਕਿ ਪੰਥ ਸਾਹਮਣੇ ਜਦ ਵੀ ਭਵਿੱਖ ਵਿਚ, ਔਕੜਾਂ ਮੁਸੀਬਤਾਂ ਦਾ ਸਮਾਂ ਆਵੇਗਾ ਤਾਂ ਉਹ ਇਨ੍ਹਾਂ ਵਿਚੋਂ ਪ੍ਰੀਖਿਆ ਦੀ ਕੁਠਾਲੀ ਵਿਚ ਪਏ ਕੁੰਦਨ ਵਾਂਗ ਹੋਰ ਚਮਕ ਦਮਕ ਨਾਲ ਬਾਹਰ ਨਿਕਲੇਗਾ।



www.AKJ.Org

# ਸਾਧ ਸੰਗਤ ਤੇ ਗੁਰਦੁਆਰੇ

(ਸ: ਧੰਨਾ ਸਿੰਘ ਜੀ ਕਾਨੂੰਗੋ)

ਅੱਜ ਗੁਰਦੁਆਰੇ ਅਗੇ ਨਾਲੋਂ ਬਹੁਤੇਂ ਤੇ ਬੜੇ ਆਲੀਸ਼ਾਨ ਵੀ ਹਨ, ਸੰਗਤ ਜੁੜਦੀ ਹੈ, ਪਰ ਉਹ ਅਸਰ ਤੇ ਤਾਕਤ ਕਿਉਂ ਨਹੀਂ ? ਇਹ ਇੱਕ ਸੁਆਲ ਹੈ। ਇਸ ਨੂੰ ਸਮਝਣ ਲਈ ਪੁਰਾਣੇ ਸਿੱਖਾਂ ਦੀ ਵਾਰਤਾ ਵਲ ਧਿਆਨ ਦੀ ਲੋੜ ਹੈ।

ਉਨ੍ਹਾਂ ਦੇ ਦਿਲਾਂ ਵਿੱਚ ਸੰਗਤ ਦੀ ਇੱਜ਼ਤ ਤੇ ਅਦਬ ਦਾ ਭਾਵ ਸੀ। ਪਿਛਲੀ ਰਾਤ ਨੂੰ ਉਠ ਕੇ ਇਸ਼ਨਾਨ ਕਰਕੇ, ਸਾਦਾ ਪਹਿਰਾਵਾ ਪਹਿਨ ਕੇ, ਸ਼ਰਧਾ ਨਾਲ ਗੁਰਦੁਆਰੇ ਹਾਜ਼ਰ ਹੁੰਦੇ, ਗੁਰਬਾਣੀ ਸੁਣ ਵਿਚਾਰ ਕੇ ਅਮਲ ਦੀ ਤਾਕਤ ਪ੍ਰਾਪਤ ਕਰਦੇ ਸੀ। ਵੱਡੇ ਛੋਟੇ ਨਾਲ ਪਿਆਰ, ਹਰ ਇੱਕ ਜਣੇ ਨੂੰ ਭਾਈ ਕਹਿਣਾ ਤੇ ਜਾਣਨਾ, ਤੇ ਭਾਈ ਵਰਗਾ ਹੀ ਸਲੂਕ ਕਰਨਾ, ਸੰਗਤ ਦੇ ਜੋੜੇ ਝਾੜਨੇ, ਪੱਖੇ ਪਾਣੀ ਦੀ ਸੇਵਾ ਕਰਨੀ, ਗਰੀਬ ਭਾਈ ਦੀ ਮਦਦ ਕਰਨੀ, ਸੰਗਤ ਦੇ ਹੁਕਮ ਤੇ ਨਿਯਮ ਦੀ ਤਾਮੀਲ ਕਰਨਾ ਤੇ ਆਪਣੇ ਆਪ ਨੂੰ ਸੰਗਤ ਦਾ ਨਿਰਮਾਣ ਸੇਵਕ ਸਮਝਣਾ-ਇਹ ਉਨ੍ਹਾਂ ਦਾ ਕਰਤਬ ਸੀ। ਜੱਥੇਦਾਰ ਆਪਣੇ ਆਪ ਨੂੰ ਸੰਗਤ ਦਾ ਨਿਰਮਾਣ ਤੇ ਤੁਛ ਸੇਵਕ ਸਮਝਦਾ ਸੀ।

ਜੱਥੇਦਾਰ ਕੌਣ ਹੁੰਦਾ ਸੀ ? ਨਿਮਰਤਾ ਤੇ ਹਊਮੈ ਨਿਵਿਰਤ ਦਾਸ। ਭਾਈ ਕਪੂਰ ਸਿੰਘ ਜੀ ਦੇ ਨਵਾਬ ਬਣਾਏ ਜਾਣ ਦੀ ਘਟਨਾ ਸਾਹਮਣੇ ਮੌਜੂਦ ਹੈ। ਫੇਰ ਮਹਾਰਾਜਾ ਆਲਾ ਸਿੰਘ ਦੀ ਸਰਦਾਰਨੀ ਦਾ ਸੰਗਤ ਵਿੱਚ ਹਾਜ਼ਰ ਰਹਿ ਕੇ ਨਿਰਮਾਣ ਸੇਵਾ ਕਰਨਾ, ਇਹ ਘਟਨਾ ਅੱਜ ਵੀ ਸਿੱਖ ਇਤਿਹਾਸ ਨੂੰ ਸੋਭਾ ਦੇ ਰਹੀ ਹੈ। ਗੁਰਦੁਆਰੇ ਨੰਗੀ ਪੈਰੀ ਜਾਣਾਂ ਇੱਕ ਮਾਣ ਗਿਣਿਆ ਜਾਂਦਾ ਸੀ। ਸੰਗਤ ਦੀ ਚਰਨਧੂੜ ਨੂੰ ਸ਼ੌਕ ਨਾਲ ਮੱਥੇ ਲਾਂਦੇ ਸੀ। ਸੰਗਤ ਦੇ ਜੂਠੇ ਭਾਂਡੇ ਇੱਕ ਦੂਸਰੇ ਤੋਂ ਬਦੋਬਦੀ ਖੋਹ ਕੇ ਸੋਧਣ ਵਿੱਚ ਵੱਡਾ ਮਾਣ ਮਹਿਸੂਸ ਕੀਤਾ ਕਰਦੇ ਸੀ। ਚਰਨ-ਧੂੜ ਨੂੰ ਦੂਰੋਂ ਦੂਰੋਂ ਲਿਆ ਕੇ ਬਾਲਾਂ ਦੇ ਮੱਥਿਆਂ ਤੇ ਮਲਿਆ ਜਾਂਦਾ ਸੀ। ਪੰਜ ਕਕਾਰਾਂ ਦੀ ਰਹਿਤ, ਜੋ ਸੰਗਤ ਦੀ ਵਰਦੀ ਹੈ, ਦੀ ਸਖ਼ਤ ਪਾਬੰਦੀ ਕੀਤੀ ਜਾਂਦੀ ਸੀ। ਗੱਲ ਕੀ, ਸੰਗਤ ਦੀ ਛੋਟੀ ਤੋਂ ਛੋਟੀ ਸੇਵਾ ਕਰਨੀ ਤੇ ਸੰਗਤ ਦਾ ਅਦਬ ਤੇ ਤਾਬੇਦਾਰੀ ਕਰਨਾ ਹੀ ਵੱਡਾ ਮਾਣ ਸੀ। ਸੰਗਤ ਹੀ ਇੱਕ ਸਕੂਲ ਸੀ, ਜਿਥੇ ਵੱਡੇ, ਛੋਟੇ ਬੁੱਢੇ, ਬੀਬੀਆਂ, ਸੇਵਾ ਤੇ ਅਦਬ ਸਿਖ ਕੇ ਰੂਹਾਨੀ ਤਪਤ ਬੁਝਾਂਦੇ ਸੀ। ਇਹ ਇੱਕ ਸਿੱਖੀ ਦੀ ਤਰੱਕੀ ਦਾ ਗੁਝਾ ਭੇਦ ਸੀ।

ਪੁਰਾਣੇ ਸਿੱਖਾਂ ਦੇ ਨਿਤ-ਕਰਮਾਂ ਦਾ ਨਮੂਨਾ ਭਾਈ ਮਨੀ ਸਿੰਘ ਜੀ ਦੀ ਬਾਰ੍ਹਵੀਂ ਵਾਰ ਵਿਚ ਪਰਗਟ ਦਿਸਦਾ ਹੈ।

ਘਲੂਘਾਰੇ ਵੇਲੇ ਸਿੱਖਾਂ ਦੇ ਬੀਜ-ਨਾਸ ਦੀ ਕੋਈ ਸੂਰਤ ਨਾ ਦਿਸਦੀ ਵੇਖ ਕੇ ਵੇਲੇ ਦੀ ਹਕੂਮਤ ਨੇ ਏਸ ਗੁਝੇ ਭੇਦ ਨੂੰ ਸਮਝ ਲਿਆ ਸੀ ਕਿ ਗੁਰਦੁਆਰੇ ਹੀ ਸਿੱਖਾਂ ਦੀ ਸੰਗਤ ਦੇ ਸਥਾਨ ਤੇ ਸਕੂਲ ਹਨ, ਜਿਥੋਂ ਇਹ ਲੋਕ ਸੇਵਾ, ਕੁਰਬਾਨੀ, ਹੌਸਲਾ ਅਤੇ ਦ੍ਰਿੜ੍ਹਤਾ ਪ੍ਰਾਪਤ ਕਰਦੇ ਹਨ। ਇਸ ਲਈ ਹਕੂਮਤ ਨੇ ਗੁਰਦੁਆਰੇ ਤਬਾਹ ਕਰਨ ਦੀ ਠਾਣ ਲਈ ਤੇ ਪਹਿਰੇ ਲਾ ਦਿੱਤੇ ਅਤੇ ਆਉਣ ਜਾਣ ਵਾਲਿਆਂ ਦੇ ਸਿਰ ਕਲਮ ਕੀਤੇ ਜਾਣ ਲੱਗੇ। ਪਰ ਇਹਨਾਂ ਦੇ ਦਿਲ ਪੱਕੇ ਹੋ ਚੁੱਕੇ ਸਨ। ਜਿਸ ਤਰ੍ਹਾਂ ਵੀ ਵਸ ਚੱਲੇ, ਸਿਰ ਨੂੰ ਤਲੀ ਤੇ ਧਰ ਕੇ ਗੁਰਦੁਆਰੇ ਦੀ ਚਰਨ-ਧੂੜ ਉੱਤੇ ਮੱਥਾ ਰਗੜਨਾ ਅਤੇ ਖੁਸ਼ੀ ਨਾਲ ਸ਼ਹੀਦੀ ਪਾਉਣੀ ਮਾਣ ਸਮਝਿਆ ਜਾਂਦਾ ਸੀ। ਬੇਗਿਣਤ ਖੋਪਰੀਆਂ ਸ੍ਰੀ ਅੰਮ੍ਰਿਤਸਰ ਜੀ ਦੀ ਪ੍ਰਕਰਮਾ ਵਿਚ ਲੱਗੀਆਂ। ਜਿੱਥੇ ਸੰਗਤ ਦਾ ਹੁਕਮ ਹੁੰਦਾ, ਅਟੱਲ ਤੌਰ ਤੇ ਜਾ ਦੀਵਾਨ ਲਗਦਾ। ਦੇਸ ਵਿਚ ਨਹੀਂ ਤਾਂ ਬੀਆਬਾਨਾਂ, ਜੰਗਲਾਂ ਵਿਚ ਜਾ ਦੀਵਾਨ ਸਜਦੇ, ਪਰਵਾਨੇ ਜਾ ਹਾਜ਼ਰ ਹੁੰਦੇ, ਜੰਗਲ ਬੀਆਬਾਨ ਹੀ ਗੁਰਦੁਆਰੇ ਬਣੇ ਜਾਂਦੇ। ਕਲ੍ਹ ਦੀਵਾਨ ਕਿਤੇ, ਪਰਸੋਂ ਕਿਤੇ। ਗੁਰਦੁਆਰਿਆਂ ਦੀਆਂ ਇਮਾਰਤਾਂ ਤੇ ਦਿਖਾਵੇ ਦਾ ਸਮਾਨ ਜ਼ਰੂਰੀ ਨਹੀਂ ਸੀ, ਕੱਖਾਂ ਉੱਤੇ, ਫ਼ਰਸ਼ ਖ਼ਾਕੀ ਉੱਤੇ ਦੀਵਾਨ ਲਗਦੇ ਤੇ ਸਿੱਖੀ ਦੀ ਫ਼ਸਲ ਨਾ-ਮੁਆਫ਼ਿਕ ਹਾਲਾਤ ਵਿੱਚ ਬਰਾਬਰ ਵਧਦੀ ਫੁੱਲਦੀ ਰਹੀ। ਇਸ ਸਤਿਗੁਰ ਦੀ ਲਾਈ ਫੁਲਵਾੜੀ ਨੂੰ ਕੋਈ ਨਾਸ ਕਰਨ ਵਾਲਾ ਨਹੀਂ ਸੀ। ਕਿਉਂ ਜੁ :-

(੧) ਸੰਗਤ ਦਾ ਅਦਬ ਦਿਲਾਂ ਵਿੱਚ ਵਸਦਾ ਸੀ, (੨) ਜੱਥੇਦਾਰ ਦੇ ਹੁਕਮ ਦੀ ਤਾਮੀਲ ਗੁਰਾਂ ਦੇ ਹੁਕਮ ਦੀ ਤਾਮੀਲ ਸੀ, (੩) ਤੇ ਜੱਥੇਦਾਰ ਆਪ ਨੂੰ ਸੰਗਤ ਦਾ ਤੁਛ ਤੇ ਨਿਰਮਾਣ ਸੇਵਕ ਜਾਣਦੇ ਸੀ ਤੇ ਆਪਣੀ ਜ਼ਿਮੇਂਵਾਰੀ ਨੂੰ ਅਨੁਭਵ ਕਰਦੇ ਸੀ।

ਪ੍ਰੰਤੂ ਅੱਜ ਕੱਲ੍ਹ ਹਾਲਤ ਕੀ ਹੈ ? ਗੁਰ-ਸੰਗਤ ਦੇ ਹੁਕਮ ਦੀ ਕੀ ਪਰਵਾਹ ਹੈ ? ਤੇ ਜੱਥੇਦਾਰ



www.AKJ.Org

ਆਪ ਨੂੰ ਕੀ ਜਾਣਦਾ ਹੈ ? ਅੱਜ ਬਿਜਲੀ ਦੇ ਲੰਪ ਤੇ ਪੱਖੇ, ਪਾਣੀ ਦੇ ਪੰਪ ਤੇ ਆਲੀਸ਼ਾਨ ਇਮਾਰਤਾਂ ਤੇ ਕੀਮਤੀ ਸਾਮਾਨ ਤਾਂ ਬਹੁਤ ਹਨ ਪਰ ਉਤਲੀਆਂ ਤਿਨਾਂ ਹੀ ਗੱਲਾਂ ਦਾ ਘਾਟਾ ਹੈ। ਇਹਨਾਂ ਪੱਖਿਆਂ, ਲੰਪਾਂ ਤੇ ਪੰਪਾਂ ਨੇ ਨਿਰਮਾਣ ਸੇਵਾ ਦਾ ਅਸਰ ਗਵਾ ਦਿੱਤਾ ਹੈ। ਸਵੇਰੇ ਉਠ ਕੇ ਤਾਰਿਆਂ ਦੀ ਛਾਵੇਂ, ਸ਼ਾਂਤ ਸਮੇਂ ਵਿਚ ਆਤਮ-ਰਸ ਮਾਣਨਾ, ਕੁਦਰਤ ਦੇ ਨਜ਼ਾਰਿਆਂ ਵਿਚ ਚਿਤ ਦੀ ਇਕਾਗਰਤਾ ਨਾਲ ਸਤਿਨਾਮ ਦੀ ਧੁਨੀ ਨੂੰ ਸੁਣਨਾ ਤੇ ਰੋਮ ਰੋਮ 'ਚ ਅਨਹਦ ਦੀ ਥ੍ਰਰਾਹਟ ਨੂੰ ਅਨੁਭਵ ਕਰਨਾ ਤੇ ਗਗਨ-ਮੰਡਲ ਦੀਆਂ ਉਡਾਰੀਆਂ ਲੈਂਦੇ ਹੋਏ, ਮਗਨਤਾ ਵਿੱਚ ਲੀਨ ਹੋਣਾ, ਇਹ ਅਵਸਥਾ ਉਨ੍ਹਾਂ ਵਿਚਾਰਿਆਂ ਨੂੰ ਕਿੱਥੇ ਪ੍ਰਾਪਤ ਹੋ ਸਕਦੀ ਹੈ ਜੋ ਦਿਨ-ਚੜ੍ਹੇ ਉਠ, ਮੂੰਹ ਹੱਥ ਧੋ, ਰਸਮੀ ਤੌਰ ਤੇ ਗੁਰਦੁਆਰੇ ਮੱਥਾ ਟੇਕ, ਦੋਸਤਾਂ ਨਾਲ ਚਾਰ ਗੱਪਾਂ ਮਾਰ ਕੇ ਘਰ ਨੂੰ ਪਰਤ ਆਉਂਦੇ ਹਨ। ਸਿੱਖੀ ਦਾ ਅੰਦਾਜ਼ਾ ਸਤਿ-ਸੰਗਤ ਤੋਂ ਹੀ ਲੱਗ ਸਕਦਾ ਹੈ। ਭਾਵੇਂ ਆਲੀਸ਼ਾਨ ਇਮਾਰਤਾਂ ਨਾ ਹੋਣ, ਕੱਚੇ ਅਸਥਾਨ ਤੇ ਕੱਖਾਂ ਦਾ ਫ਼ਰਸ਼ ਹੀ ਹੋਵੇ, ਪਰ ਸੰਗਤ ਵਿੱਚ ਸਪਿਰਿਟ ਦਿਸਦੀ ਹੋਵੇ।

ਪੁਰਾਤਨ ਗੁਰਸਿੱਖਾਂ ਵਿੱਚ ਸੰਗਤ ਦੇ ਪਾਸ ਦਾ ਏਹ ਹਾਲ ਸੀ ਜੁ ਸੰਗਤ ਵਿਚੋਂ ਪੰਜ ਦਾਤਣਾਂ ਦੀ ਤਨਖਾਹ ਲਗੀ ਹੋਈ ਦਾ ਦੁਖ ਲੱਖਾਂ ਦੇ ਜੁਰਮਾਨੇ ਤੇ ਸਾਲਾਂ ਦੀ ਕੈਦ ਤੋਂ ਵੱਧ ਕੇ ਮਨਾਇਆ ਜਾਂਦਾ ਸੀ।

ਪੁਰਾਤਨ ਸਿੱਖੀ-ਦਿਲਾਂ ਵਿੱਚ ਗੁਰ-ਸੰਗਤ ਦਾ ਪੂਰਨ ਅਦਬ ਤੇ ਪ੍ਰਤਿਸ਼ਟਾ ਹੁੰਦੀ ਸੀ, ਜਿਸ ਕਾਰਨ ਸਿੱਖੀ ਮੰਡਲ ਚੜ੍ਹਦੀ ਕਲਾ ਵਿੱਚ ਸੀ। ਜੱਥੇਬੰਦੀ ਦਾ ਇਹੀ ਇੱਕ ਗੁਰ ਸੀ। ਭਾਵੇਂ ਅੱਜ ਗੁਰਦੁਆਰਿਆਂ ਦੀਆਂ ਆਲੀਸ਼ਾਨ ਇਮਾਰਤਾਂ ਵਿਚ ਕਸਰ ਨਹੀਂ ਹੈ, ਪਰ ਸੰਗਤ ਦੀ ਪ੍ਰਤਿਸ਼ਟਾ, ਨਿਰਮਾਣ ਸੇਵਾ ਪ੍ਰੇਮ ਭਾਵਨਾ, ਸ਼ਰਧਾ ਤੇ ਅਦਬ ਨੂੰ ਪੱਛਮੀ ਫ਼ੈਸ਼ਨ ਤੋਂ ਕੁਰਬਾਨ ਕੀਤਾ ਜਾ ਰਿਹਾ ਹੈ। ਪਹਿਲੇ ਜਿੱਥੇ ਸ਼ਰਧਾ ਤੇ ਪ੍ਰੇਮ ਨਾਲ ਤਾਰਿਆਂ ਦੀ ਛਾਵੇਂ ਸੰਗਤ ਵਿਚ ਸੇਵਾ ਦਾ ਭਾਵ ਲੈ ਕੇ ਪੱਖੇ, ਪਾਣੀ ਝਾੜੂ ਆਦਿ ਕਰਦੇ ਤੇ ਆਏ ਗਏ ਸਿੱਖ-ਸਾਧ ਦੀ ਅਹਿਲ ਨਾਲ ਚਿਤ ਦੀ ਮੈਲ ਧੋਂਦੇ ਤੇ ਕਥਾ ਕੀਰਤਨ ਸੁਣ ਕੇ ਮਗਨਤਾ ਵਿੱਚ ਲੀਨ ਹੁੰਦੇ ਸੀ, ਅੱਜ ਦਿਸਦਾ ਹੈ ਕਿ ਸਾਡਾ ਸੁਭਾਵ ਹੀ ਬਦਲ ਗਿਆ ਹੈ।

ਅੱਜ ਇਤਿਹਾਸਕ ਗੁਰਦੁਆਰਿਆਂ ਵਿਚ ਬਹੁਤੇ ਥਾਈਂ ਦੇਖਿਆ ਜਾਂਦਾ ਹੈ ਜੁ ਮੈਂਬਰ ਤੇ ਲੀਡਰ ਤਾਂ ਡਿਕਟੇਟ੍ਰੀ ਭਾਵ ਨਾਲ ਦਿਨ ਚੜ੍ਹੇ ਗੁਰਦੁਆਰਿਆਂ ਵਿਚ ਜਾ ਬਿਰਾਜਦੇ ਹਨ। ਨਾਲ ਕੁਝ ਸੱਜਣ ਮਦਦ ਲਈ ਵੀ ਚਲੇ ਜਾਂਦੇ ਹਨ। ਕਈ ਸਜਨ ਨੁਕਤਾਚੀਨੀ ਤੇ ਤਮਾਸ਼-ਬੀਨੀ ਦੇ ਭਾਵ ਨਾਲ ਜਾਂ ਰਿਵਾਜੀ ਤੌਰ ਤੇ ਨਾਲ ਜਾਂਦੇ ਹਨ- ਸੇਵਾਦਾਰ ਤੇ ਨੌਕਰ ਕਠਪੁਤਲੀਆਂ ! ਲੀਡਰਾਂ ਨੇ ਕਥਾ ਕੀਰਤਨ ਤੇ ਕੀ ਸੁਣਨਾ ਤੇ ਕੀ ਧਾਰਨਾ ਹੈ, ਉਹ ਤਾਂ ਸੇਵਾਦਾਰਾਂ ਅਤੇ ਗ੍ਰੰਥੀ ਸਿੰਘਾਂ ਨੂੰ ਇੱਕ ਨਿੱਜੀ ਨੌਕਰ ਰਸੋਈਏ ਜਾਂ ਚੌਕੀਦਾਰਾਂ ਜਿਤਨੀ ਹੈਸੀਅਤ ਦੇਂਦੇ-ਉਹ ਤਾਂ ਉਨ੍ਹਾਂ ਨੂੰ ਆਪਣੇ ਮਦਦਗਾਰ ਜਾਣਦੇ ਹਨ। ਕਥਾ ਕੀਰਤਨ ਮਗਰੋਂ ਸੰਗਤ ਤੂੰ ਤੂੰ ਮੈਂ ਮੈਂ ਦੇ ਸ਼ਬਦ ਸੁਣ ਕੇ ਕੀ ਭਾਵ ਲੈ ਸਕਦੀ ਹੈ ? ਇੱਕ ਘਰ ਵਿਚ ਭਾਵੇਂ ਦੋ ਸੌਂਕਣਾਂ ਦਾ ਨਿਰਬਾਹ ਹੋ ਜਾਵੇ, ਪਰ ਦੋ ਲੀਡਰ ਇੱਕ ਥਾਂ ਅੱਜ ਸਮਾ ਨਹੀਂ ਸਕਦੇ। ਇੱਕ ਜੰਗਲ ਵਿੱਚ ਦੋ ਸ਼ੇਰ ਕੀਕੂੰ ਸਮਾਉਣ ? ਲੀਡਰਾਂ ਦਾ ਇਹ ਹਾਲ ਸੰਗਤ ਤੇ ਕੀ ਅਸਰ ਪਾ ਸਕਦਾ ਹੈ ?

ਐਸੇ ਪੁਰਸ਼ਾਂ ਨੂੰ ਭਾਈ ਗੁਰਦਾਸ ਜੀ ਨੇ "ਕਪਟ ਸਨੇਹੀ" ਦੇ ਨਾਮ ਨਾਲ ਇਉਂ ਯਾਦ ਕੀਤਾ ਹੈ-

ਕਪਟ ਸਨੇਹੀ ਹੋਇ ਕੈ
ਸਾਧ ਸੰਗਤਿ ਵਿੱਚ ਆਇ ਬਹੰਦਾ।
ਦੂਰਮਤ ਦੂਜੇ ਭਾਇ ਪਚੰਦਾ।। ੧੨-੧੩
ਕਪਟ ਸਨੇਹ ਨ ਥੇਹ ਲਹੰਦਾ।।
"ਸਾਧ ਸੰਗਤ ਗੁਰ ਸਬਦ ਸੁਣ
ਕਪਟ ਸਨੇਹ ਕਰਨ ਬੇਤਾਲੇ।।
ਜਮ ਪੁਰ ਜਮ ਜੰਦਾਰ ਹਵਾਲੇ।।" ੧੭-੧੬

ਅੱਜ ਕਲ੍ਹ ਮਹਾਰਾਜ ਆਲਾ ਸਿੰਘ ਦੀ ਸਰਦਾਰਨੀ ਭਾਵ ਨਾਲ ਗੁਰਦੁਆਰੇ ਨਹੀਂ ਜਾਈਦਾ ਹੈ। ਅੱਜ ਤਾਂ ਇੱਕ ਰਸਮ ਪੂਰੀ ਕਰਨ ਨੂੰ ਜਾਂ ਫ਼ੈਸ਼ਨ ਦੇ ਤੌਰ ਤੇ ਜਾਈਦਾ ਹੈ।

ਫ਼ੈਸ਼ਨ-ਪਸੰਦ ਬੀਬੀਆਂ - ਫ਼ੈਸ਼ਨ-ਪਸੰਦ ਬੀਬੀਆਂ ਨੂੰ ਦੇਖਿਆ ਜਾਵੇ ਤਾਂ ਪਰਤੀਤ ਹੁੰਦਾ ਹੈ ਸਿਰ ਤੋਂ ਪੈਰਾਂ ਤੱਕ ਇੱਕ ਪੂਰਾ ਘੰਟਾ ਬਣਾਉ-ਸ਼ਿੰਗਾਰ ਵਿਚ ਲਾ ਕੇ, ਪੂਰੀ ਪੱਛਮੀ ਫ਼ੈਸ਼ਨ ਦੀ ਨਕਲ ਉਤਾਰ, ਮਿੱਸੀ, ਪੌਡਰ, ਲਵਿੰਡਰ ਵਰਤ ਕੇ ਨਵੇਂ ਫ਼ੈਸ਼ਨਦਾਰ ਕੱਪੜੇ ਪਹਿਨ ਕੇ ਗੁਰਦੁਆਰੇ ਨੂੰ ਤਿਆਰ ਹੁੰਦੀਆਂ ਹਨ। ਰਸਤੇ ਦੇ ਠਾਠ, ਚਾਲ ਤੇ ਗੱਲਾਂ ਕਰਦੀਆਂ ਤੋਂ ਮਾਲੂਮ ਹੁੰਦਾ ਹੈ ਜੁ ਵਿਆਹ ਦੇ ਨਿਉਂਦਰੇ ਜਾਂ ਸਿਨੇਮਾਂ ਦੇ ਤਮਾਸ਼ੇ ਵੱਲੀ ਜਾ ਰਹੀਆਂ ਹਨ। ਗੁਰਦੁਆਰੇ ਅੰਦਰ ਜਾ ਕੇ ਇਹ ਅਭਿਆਸ਼ਾ ਕਿ ਕਿਸੇ ਗਰੀਬ ਜਿਹੀ ਭੈਣ ਕੋਲ ਬੈਠਣ ਵਿਚ ਹਤਕ ਨਾ

ਬਾਕੀ ਪੰਨਾ ੨੯ ਤੇ...



www.AKJ.Org

# ਆਉ ਸੰਭਲੀਏ!

(ਡਾ: ਸਰਬ ਜੋਤ ਕੌਰ, ਗੌਰਮਿੰਟ ਕਾਲਜ ਫਾਰ ਵਿਮੇਨ, ਲੁਧਿਆਣਾ।)

ਕਹਿੰਦੇ ਨੇ ਜਦ ਪ੍ਰਮਾਤਮਾ ਦੇ ਪੈਦਾ ਕੀਤੇ ਬੰਦੇ ਕਬੁਧ ਧਾਰਨ ਕਰ ਅਧਰਮ ਦਾ ਪੱਲਾ ਪਕੜ ਲੈਂਦੇ ਹਨ ਤਾਂ ਉਸ (ਪ੍ਰਮਾਤਮਾ) ਨੂੰ ਕਿਸੇ ਨਾ ਕਿਸੇ ਰੂਪ ਵਿਚ ਦੁਨੀਆਂ ਵਿਚ ਆਉਣਾ ਪੈਂਦਾ ਹੈ। ਗੁਰਮਤਿ ਦੀ ਕਸੌਟੀ ਤੇ ਅਵਤਾਰਵਾਦ ਦੇ ਅਜਿਹੇ ਸਿਧਾਂਤ ਨੂੰ ਭਾਵੇਂ ਪੂਰਨ ਰੂਪ ਵਿਚ ਸਵੀਕਾਰ ਨਹੀਂ ਕੀਤਾ ਜਾ ਸਕਦਾ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਜਦੋਂ ਜਦੋਂ ਵੀ ਅਧਰਮ ਦਾ ਬੋਲਬਾਲਾ ਹੋਇਆ, ਸਿਰਜਨਹਾਰ ਪ੍ਰਭੂ ਦੀ ਨਿਜ ਜੋਤ ਸੰਪੰਨ ਮਹਾਨ ਵਿਅਕਤੀਆਂ ਦਾ ਸੰਸਾਰ ਵਿਚ ਪ੍ਰਵੇਸ਼ ਹੁੰਦਾ ਰਿਹਾ ਅਤੇ ਧਰਮ ਚਲਾਵਨ ਤੇ ਸੰਤ ਉਬਾਰਨ ਲਈ ਉਹ ਅਦੁੱਤੀ ਕਾਰਨਾਮੇ ਕਰ ਵਿਖਾਉਂਦੇ ਰਹੇ । ਜੋਤ-ਸਰੂਪ ਗੁਰੂ ਨਾਨਕ ਦੇਵ ਜੀ ਦੇ ਕੌਤਕਾਂ ਦੀ ਮਹਾਨਤਾ ਨੂੰ ਵੇਖ ਕੇ ਹੀ ਤਾਂ ਕਿਹਾ ਗਿਆ ਸੀ-

ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ ।।
(ਪੰਨਾ ੧੩੯੫)

ਗੁਰੂ ਨਾਨਕ ਆਗਮਨ ਸਮੇਂ ਸੱਚ ਰੂਪੀ ਚੰਦਰਮਾ ਕੂੜ ਰੂਪੀ ਮੱਸਿਆ ਦੀ ਰਾਤ ਵਿਚ ਅਲੋਪ ਹੋਇਆ ਕਿਧਰੇ ਨਜ਼ਰ ਨਹੀ ਸੀ ਆ ਰਿਹਾ। ਰਾਜੇ ਸ਼ੀਹ ਤੇ ਮੁਕੱਦਮ ਕੁੱਤੇ ਬਣ ਭੋਲੀ ਭਾਲੀ ਮਾਨਵਤਾ ਨੂੰ ਲੁਟ ਰਹੇ ਸਨ ਅਤੇ 'ਪਾਪ ਦਾ ਵਰਤਿਆ ਵਰਤਾਰਾ' ਅਨੁਸਾਰ ਦੇਸ਼ ਧਾਰਮਿਕ, ਸਮਾਜਿਕ, ਰਾਜਨੀਤਿਕ, ਸਦਾਚਾਰਿਕ ਆਦਿ ਹਰ ਪਹਿਲੂ ਤੋਂ ਗਿਰਾਵਟ ਦੀ ਖੱਡ ਵਿਚ ਡਿੱਗ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਨੇ ਰਾਜਿਆਂ, ਪਰਜਾ, ਪਰਜਾ ਦੇ ਹਰ ਅੰਗ-ਬ੍ਰਾਹਮਣਾਂ, ਜੋਗੀਆਂ, ਖੱਤਰੀਆਂ, ਜੈਨੀਆਂ, ਮੁਸਲਮਾਨਾਂ ਦੀ ਦਸ਼ਾ ਵੇਖੀ । ਹਾਕਮ ਜਾਤੀ ਦੀ ਦਸ਼ਾ ਵੇਖੀ ਅਤੇ ਪਰਾਧੀਨ ਕੌਮ ਦੀ ਦਸ਼ਾ ਵੀ ਵੇਖੀ ਕੌਮੀ ਜ਼ਮੀਰ ਵੇਖੀ ਕੌਮੀ ਗੈਰਤ ਤੇ ਸ੍ਵੈ-ਮਾਣ ਦੀ ਦਸ਼ਾ ਵੇਖੀ। ਸਰਮ-ਧਰਮ ਦੋਹਾਂ ਦਾ ਲੋਪ ਹੋਣਾ ਵੇਖਿਆ। ਦੇਸ਼ ਵਿਚ ਪਸਰਿਆ ਪਖੰਡ ਤੇ ਦੇਸ਼ ਦੇ ਧਰਮ ਅਸਥਾਨਾਂ ਦੀ ਦੁਰਦਸ਼ਾਂ ਵੇਖੀ। ਇਸ ਸਾਰੀ ਦਸ਼ਾ ਨੂੰ ਵੇਖ ਕੇ ਦੇਸ਼ ਅਤੇ ਜਾਤੀ ਦੇ ਪਤਨ ਦੇ ਕਾਰਨ ਦਾ ਅੰਦਾਜ਼ਾ ਲਗਾਉਂਦਿਆਂ ਮਹਿਸੂਸ ਕੀਤਾ ਕਿ ਮਾਨਸਿਕ ਗੁਲਾਮੀ ਹੀ ਇਸ ਸਾਰੀ ਬੀਮਾਰੀ ਦੀ ਜੜ੍ਹ ਹੈ। ਜੇ ਇਸ ਦੀਆਂ ਜੜ੍ਹਾਂ ਕੱਟ ਦਿਤੀਆ ਜਾਣ ਤਾਂ ਮਨੁੱਖ ਹਰ ਗੁਲਾਮੀ ਨੂੰ ਕੱਟਣ ਦੇ ਯੋਗ ਹੋ ਜਾਏਗਾ । ਇਸੇ ਵਿਚਾਰ ਨੂੰ ਮੁੱਖ ਰੱਖ ਕੇ ਹੀ ਆਪ ਨੇ ਲੰਮੀਆਂ ਲੰਮੀਆਂ ਯਾਤਰਾਵਾਂ ਕੀਤੀਆਂ। ਘਰ ਘਰ ਸੱਚ ਦਾ ਸੰਦੇਸ਼ ਪਹੁੰਚਾਇਆ। ਆਚਾਰਵਿਕ ਉੱਚਤਾ ਤੇ ਜ਼ੋਰ ਦੇ ਕੇ ਧਰਮ ਦੇ ਅਸਲ ਸਰੂਪ ਨੂੰ ਉਘਾੜਿਆ। ਮਾਨਸਿਕ ਗੁਲਾਮੀ ਮਿਟਾ ਕੇ ਜਨਤਾ ਨੂੰ ਹਰ ਬਾਬਰ, ਹਰ ਕੌਡੇ ਤੇ ਹਰ ਭਾਗੋ ਦਾ ਮੁਕਾਬਲਾ ਕਰਨ ਲਈ ਤਿਆਰ ਕੀਤਾ। ਗਿਰਾਵਟ ਦੀ ਅਤਿ ਡੂੰਘੀ ਖੱਡ ਵਿਚ ਡਿੱਗੀ ਸੁਰਾ ਜਨਤਾ ਨੂੰ ਬਾਹਰ ਕੱਢਣ ਲਈ ਕਿਉਂਕਿ ਸਮੇਂ ਦੀ ਵਧੇਰੇ ਲੋੜ ਸੀ ਇਸ ਲਈ ਪਹਿਲੇ ਪੰਜ ਗੁਰੂ ਸਾਹਿਬਾਨ ਨੇ ਆਪਣਾ ਸਾਰਾ ਸਮਾਂ ਤੇ ਸਾਰੀ ਤਾਕਤ ਇਸੇ ਕੰਮ ਲਈ ਲਗਾ ਦਿਤੀ। ਆਪਣੇ ਆਪਣੇ ਸਮੇਂ ਦੇ ਸ਼ਹਿਨਸ਼ਾਹਾਂ ਅੱਗੇ ਡੱਟ ਕੇ ਲੋਕਾਂ ਸਾਹਮਣੇ ਨਿਰਭੈਤਾ ਦੀ ਜਿਉਂਦੀ ਜਾਗਦੀ ਉਦਾਹਰਣ ਪੇਸ਼ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਦਾ ਸਮਾਂ ਆਇਆ। ਮਹਿਸੂਸ ਕੀਤਾ ਗਿਆ ਕਿ ਸਿੱਖ ਇਤਨੇ ਕੁ ਬਲਵਾਨ ਹੋ ਗਏ ਹਨ ਕਿ ਕਿਸੇ ਜ਼ੁਲਮ ਅੱਗੇ ਝੁਕਣਗੇ ਨਹੀਂ। ਪਰ ਜ਼ੁਲਮ ਦਾ ਟਾਕਰਾ ਕਰਨ ਲਈ ਆਤਮਿਕ ਤੇ ਮਾਨਸਿਕ ਬਲ ਦੇ ਨਾਲ ਨਾਲ ਸਰੀਰਕ ਬਲ ਦੀ ਵੀ ਲੋੜ ਹੁੰਦੀ ਹੈ। ਅਜਿਹਾ ਕਰਨ ਲਈ ਗੁਰੂ ਸਾਹਿਬ ਨੇ ਆਪ ਸ੍ਰੀ ਸਾਹਿਬ ਪਕੜੀ , ਸਿੱਖਾਂ ਨੂੰ ਪਕੜਾਈ ਅਤੇ ਸਿੱਖਾਂ ਦੀ ਸਰੀਰਕ ਸ਼ਕਤੀ ਦਾ ਵੀ ਸਿੱਕਾ ਬੰਨ੍ਹਿਆ। ਗੁਰੂ ਹਰਿਕ੍ਰਿਸ਼ਨ ਜੀ ਨੇ ਸ਼ਾਹੀ ਸੱਦੇ ਨੂੰ ਠੁਕਰਾਣ ਦੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਦਲੀਜ਼ ਤੇ ਠੀਕਰਾ ਭੰਨ੍ਹਣ ਦੀ ਦਲੇਰੀ ਕਰਕੇ ਉਸ ਸਮੇਂ ਅਨੁਸਾਰ ਅਸੰਭਵ ਨੂੰ ਸੰਭਵ ਕਰ ਵਿਖਾਇਆ। ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਆਇਆ। ਜ਼ਾਲਮਾਂ ਦੇ ਜ਼ੁਲਮਾਂ ਨੇ ਇਕ ਵਾਰ ਫਿਰ ਤਲਵਾਰ ਉਠਾਉਣ ਦੀ ਮੰਗ ਕੀਤੀ। ਗੁਰੂ ਸਾਹਿਬ ਨੇ ਆਪ ਤਲਵਾਰ ਉਠਾਈ, ਸਿੱਖਾਂ ਕੋਲੋਂ ਉਠਵਾਈ ਪਰ ਨਾਲ ਹੀ ਇਹ ਖਤਰਾ ਵੀ ਭਾਂਪ ਲਿਆ ਕਿ ਕਿਧਰੇ ਸਿੱਖ ਭਗਤੀ ਛੱਡ ਕੇ ਕੇਵਲ ਸ਼ਕਤੀ ਦੇ ਹੀ ਪੁਜਾਰੀ ਨਾ ਹੋ ਜਾਣ। ਸੋ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਹੋਇਆ। ਖੰਡੇ ਨੇ ਸ਼ਕਤੀ ਅਤੇ ਬਾਣੀ ਨੇ ਭਗਤੀ ਭਰੀ। ਭਗਤੀ ਅਤੇ ਸ਼ਕਤੀ, ਸੰਤ ਅਤੇ ਸਿਪਾਹੀ ਨੂੰ ਇਕੋ ਥਾਂ ਇੱਕਠਾ ਕੀਤਾ ਗਿਆ। ਓਪਰੀ ਦ੍ਰਿਸ਼ਟੀ ਨਾਲ ਵੇਖਣ ਵਾਲਿਆ ਨੂੰ ਇਹ ਸ੍ਵੈ-ਵਿਰੋਧੀ ਗੱਲ ਜਾਪੀ। ਪਰ ਕੁਦਰਤ ਵਲੋਂ ਪੈਦਾ ਕੀਤੇ ਇਕੋ ਬੂਟੇ ਉਤੇ ਫੁੱਲ ਅਤੇ ਕੰਡੇ, ਇਕੋ ਬੱਦਲ ਵਿਚ ਬਿਜਲੀ ਅਤੇ ਪਾਣੀ ਦੀ ਹੋਂਦ ਦੀ ਅਸਚਰਜ ਖੇਡ ਵਾਂਗ ਇਹ ਵੀ ਗੁਰੂ ਸਾਹਿਬ ਦੁਆਰਾ ਖੇਡੀ ਅਸਚਰਜ ਖੇਡ ਹੀ ਸੀ। ਮਨੁੱਖ ਅੰਦਰਲੀਆਂ ਦੋ ਵਿਰੋਧੀ ਸ਼ਕਤੀਆਂ ਸਖਤੀ ਅਤੇ ਕੋਮਲਤਾ ਵਿਰੋਧੀ ਜਾਪਦੀਆਂ ਹੋਈਆ ਵੀ ਇਕ ਦੂਜੇ ਦੀਆਂ ਪੂਰਕ ਹਨ। ਇੱਕ ਤੋਂ ਬਿਨਾਂ ਦੂਜੀ ਅਧੂਰੀ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬ ਨੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਭਾਵੇਂ ਨਿਰਸੰਦੇਹ ਪ੍ਰਮੁੱਖਤਾ ਭਗਤੀ ਨੂੰ ਹੀ ਦਿਤੀ । ਸਿੱਖ ਧਰਮ ਅਨੁਸਾਰ ਸਾਰੀਆਂ ਸ਼ਕਤੀਆਂ ਭਗਤੀ ਤੋਂ ਹੀ ਪੈਦਾ ਹੁੰਦੀਆਂ ਹਨ। ਭਗਤੀ ਹੈ ਤਾਂ ਬਾਕੀ ਸ਼ਕਤੀਆਂ ਆਪਣੇ ਆਪ ਆ ਜਾਂਦੀਆਂ ਹਨ। ਭਗਤੀ ਰਹਿਤ ਸ਼ਕਤੀ ਨਾਲ ਜ਼ਾਲਮ ਬਣਨ ਦਾ ਡਰ ਬਣਿਆ ਰਹਿੰਦਾ ਹੈ। ਇਸੇ ਖਤਰੇ ਨੂੰ ਭਾਂਪਦੇ ਹੋਏ ਗੁਰੂ ਸਾਹਿਬ ਨੇ ਅੰਮ੍ਰਿਤ ਰਾਹੀਂ ਸਿੱਖਾਂ ਦੇ ਅੰਦਰਲੇ ਤੇ ਬਾਹਰਲੇ ਦੋਹਾਂ ਸਰੂਪਾਂ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਕਰ ਦਿਤਾ ।

(ਬਾਕੀ ਪੰਨਾ ੨੪ ਤੇ)



www.AKJ.Org

# ਤਰਕਸ਼ੀਲਤਾ ਅਤੇ ਬਿਬੇਕਸ਼ੀਲਤਾ

- ਰੇਣੁਕਾ ਸਿੰਘ

ਰੱਬ ਨੂੰ ਨਾ ਮੰਨਣ ਵਾਲਾ ਨਾਸਤਿਕ ਹੈ। ਵੈਸੇ ਗੁਰਮਤਿ ਅਨੁਸਾਰ ਕੋਈ ਵੀ ਮੱਨੁਖ ਨਾਸਤਿਕ ਨਹੀਂ ਹੋ ਸਕਦਾ, ਕਿਉਂ ਕਿ ਗੁਰੂ ਸਾਹਿਬ ਦਾ ਫੁਰਮਾਨ ਹੈ ਕਿ "ਵਿਣੁ ਨਾਵੈ ਨਾਹੀ ਕੋ ਥਾਉ" ਭਾਵ ਕੋਈ ਐਸਾ ਸਥਾਨ ਨਹੀਂ ਜਿਥੇ ਵਾਹਿਗੁਰੂ ਦਾ ਨਾਂਅ ਨਹੀਂ ਵੱਸਦਾ, ਕੋਈ ਐਸਾ ਹਿਰਦਾ ਨਹੀਂ ਜਿਸ ਵਿੱਚ ਵਾਹਿਗੁਰੂ ਨਹੀਂ ਵੱਸਦਾ। ਪ੍ਰਮਾਤਮਾ ਦੀ ਜੋਤ ਹਰ ਮੱਨੁਖ ਵਿੱਚ ਇਕ ਰਸ ਪਸਰ ਰਹੀ ਹੈ, ਪਰ ਮੱਨੁਖ ਗਲਤ ਵਿਚਾਰਧਾਰਾ ਅਤੇ ਪਾਰਟੀਆਂ ਦੇ ਨਾਲ ਜੁੜ ਕੇ ਆਪਣੇ ਆਪ ਨੂੰ ਨਾਸਤਿਕ ਹੋਣ ਦਾ ਐਲਾਨ ਕਰਦਾ ਹੈ। ਇਕੱਲੇ ਵਿੱਚ ਉਹ ਵੀ ਵਾਹਿਗੁਰੂ ਨੂੰ ਯਾਦ ਕਰਦੇ ਹਨ ਅਤੇ ਕਦੇ ਨਾ ਕਦੇ ਉਸ ਦਾ ਭਰਮ ਵੀ ਮੰਨਦੇ ਹਨ ਅਤੇ ਬਿਪਤਾ ਆਉਣ ਤੇ ਅਰਦਾਸ ਵੀ ਕਰਦੇ ਹਨ।

ਤਰਕਸ਼ੀਲਤਾ ਅਸਲ ਵਿੱਚ ਹਰ ਗੱਲ ਨੂੰ ਤਰਕ (logic) ਦੇ ਆਧਾਰ ਤੇ ਵੇਖਣ, ਸਮਝਣ ਦੀ ਪ੍ਰਕਿਰਿਆ ਹੈ। ਤਰਕ ਦੇ ਰਾਹੀਂ ਜਿਥੇ ਬਹੁਤ ਸਾਰੇ ਵਹਿਮਾਂ-ਭਰਮਾਂ ਦਾ ਨਾਸ਼ ਕੀਤਾ ਜਾ ਸਕਦਾ ਹੈ। ਉਥੇ ਨਾਲ ਹੀ ਬੁੱਧੀ ਦੀ ਸੁਚੇਤਤਾ ਵੀ ਬਣਦੀ ਹੈ।

ਪਰ ਅਜੋਕੇ ਸਮੇਂ ਵਿੱਚ ਨਾਸਤਿਕ ਲੋਕਾਂ ਵਲੋਂ ਇਕ ਨਵੀਂ ਸੁਸਾਇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਨੂੰ ਤਰਕਸ਼ੀਲ ਸੁਸਾਇਟੀ ਕਹਿੰਦੇ ਹਨ। ਇਹ ਤਰਕਸ਼ੀਲ ਸੁਸਾਇਟੀ ਲੋਕਾਂ ਦੇ ਵਿੱਚ ਖਾਸ ਕਰਕੇ ਪਛੜੇ ਅਤੇ ਪੇਂਡੂ ਇਲਾਕਿਆਂ ਵਿੱਚ ਵਹਿਮਾਂ-ਭਰਮਾਂ ਅਤੇ ਭੂਤ-ਪ੍ਰੇਤਾਂ ਦਾ ਨਾਸ਼ ਅਤੇ ਪਰਦਾ ਫਾਸ਼ ਕਰਨ ਦਾ ਕਾਰਜ ਕਰ ਰਹੀ ਹੈ। ਅਖਬਾਰਾਂ ਮੁਤਾਬਕ ਇਸ ਨੇ ਕਈ ਭੁੱਲੇ-ਭਟਕੇ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਅਜ਼ਾਦ ਕਰਵਾਇਆ ਹੈ।

ਪਰ ਤਰਕਸ਼ੀਲਤਾ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੈ। ਇਹ ਤਾਂ ਕਦੇ ਕਦੇ ਗੁੰਝਲ ਵੀ ਪਾ ਦਿੰਦੀ ਹੈ। ਮਿਸਾਲ ਦੇ ਤੌਰ ਤੇ ਤਰਕ ਦੇ ਆਧਾਰ ਤੇ ਠੀਕ ਨੂੰ ਗਲਤ ਵੀ ਸਾਬਤ ਕੀਤਾ ਜਾ ਸਕਦਾ ਹੈ। ਹਿਸਾਬ ਦਾ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀ ਜਾਣਦੇ ਹਨ ਕਿ ਤਰਕ ਦੇ ਆਧਾਰ ਤੇ 1 ਨੂੰ 0 ਦੇ ਬਰਾਬਰ ਵੀ ਦਿਖਾਇਆ ਜਾ ਸਕਦਾ ਹੈ। ਇਸ ਤਰੀਕੇ ਨਾਲ ਅਜੱਕਲ੍ਹ ਐਸੀ ਲਹਿਰ ਚੱਲ ਰਹੀ ਹੈ ਕਿ ਬਹਿਸ ਦੇ ਵਿੱਚ ਜੋ ਚੰਗਾ ਤਰਕ ਪੇਸ਼ ਕਰ ਲਵੇ, ਉਹ ਚੰਗਾ ਅਤੇ ਸੱਚ ਮੰਨਿਆ ਜਾਂਦਾ ਹੈ। ਜਿਸ ਨੂੰ ਵੀ ਬਹਿਸ ਕਰਨ ਦਾ ਅਤੇ ਤਰਕ ਪੇਸ਼ ਕਰਨ ਦਾ ਢੰਗ ਆ ਗਿਆ ਹੈ, ਉਹ ਜਿੱਤਿਆ ਮੰਨਿਆ ਜਾਂਦਾ ਹੈ।

ਪਰ ਇਹ ਠੀਕ ਨਹੀਂ, ਤਰਕਸ਼ੀਲਤਾ ਸਭ ਸੱਮਸਿਆਵਾਂ ਦਾ ਹੱਲ ਨਹੀਂ। ਕੁੱਝ ਲੋਗ ਅਤੇ ਖਾਸ ਕਰਕੇ ਤਰਕਸ਼ੀਲ ਸੁਸਾਇਟੀ ਵਾਲੇ, ਲੋਗਾਂ ਵਿੱਚ ਆਪਣੀ ਥਾਂ ਬਣਾਉਣ ਲਈ ਗੁਰੂ ਸਾਹਿਬ ਨੂੰ ਹੀ ਤਰਕਸ਼ੀਲ ਦਾ ਨਾਂ ਦਿੰਦੇ ਹਨ। ਇਹ ਉਹੀ ਲੋਕ ਹਨ, ਜੋ ਕਿਸੇ ਵੇਲੇ ਕਿਹਾ ਕਰਦੇ ਸਨ ਕਿ ਗੁਰੂ ਨਾਨਕ ਦੇਵ ਜੀ ਵੀ ਕਾਮਰੇਡ ਸਨ, ਕਿਉਂ ਕਿ ਉਨ੍ਹਾਂ ਨੇ ਵੰਡ-ਛੱਕਣ ਦੀ ਗੱਲ ਕੀਤੀ ਸੀ। ਪਰ ਇਹ ਸ਼ਰਾਰਤੀ ਲੋਕ ਬਹੁਤਾ ਚਿਰ ਲੋਕਾਂ ਨੂੰ ਬੇਵਕੂਫ ਨਾ ਬਣਾ ਸਕੇ, ਕਿਉਂ ਕਿ ਲੋਕਾਂ ਨੇ ਸਵਾਲ ਕਰਨਾ ਸ਼ੁਰੂ ਕੀਤਾ ਕਿ ਮਾਰਕਸ ਦਾ ਜਨਮ ਗੁਰੂ ਨਾਨਕ ਸਾਹਿਬ ਤੋਂ ਕਈ ਸਾਲਾਂ ਬਾਅਦ ਹੋਇਆ ਅਸਲ ਵਿੱਚ ਮਾਰਕਸ ਨੇ ਜੋ ਕੁਝ ਵੀ ਸਿੱਖਿਆ ਉਸ ਵਿੱਚ ਗੁਰੂ ਨਾਨਕ ਸਾਹਿਬ ਦੀ ਸਿੱਖਿਆ ਦਾ ਪ੍ਰਭਾਵ ਸੀ। ਨਾਸਤਿਕਾਂ ਨੂੰ ਇਹ ਕਹਿਣਾ ਚਾਹੀਦਾ ਸੀ ਕਿ ਕਾਰਲ ਮਾਰਕਸ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਵੰਡ-ਛੱਕਣ ਦੀ ਪ੍ਰਣਾਲੀ ਦਾ ਵਿਕਾਸ ਕੀਤਾ। ਕਿਰਤੀ ਲੋਕਾਂ ਨਾਲ ਤਾਂ ਗੁਰੂ ਨਾਨਕ ਸਾਹਿਬ ਸਭ ਤੋਂ ਪਹਿਲਾਂ ਜੁੜੇ ਸਨ ਅਤੇ ਘਾਲ ਕਮਾਈ ਦੀ ਗੱਲ ਤੋਰੀ ਸੀ।

ਗੁਰੂ ਸਾਹਿਬ ਤਰਕਸ਼ੀਲ ਨਹੀਂ, ਸਗੋਂ ਬਿਬੇਕਸ਼ੀਲ ਸਨ। ਬਿਬੇਕਸ਼ੀਲਤਾ, ਤਰਕਸ਼ੀਲਤਾ ਤੋਂ ਕਿਤੇ ਅਗਾਂਹ ਦੀ ਗੱਲ ਹੈ। ਬਿਬੇਕਸ਼ੀਲਤਾ ਸੱਚ ਅਤੇ ਕੱਚ ਦਾ ਸਹੀ ਨਿਤਾਰਾ ਕਰ ਦਿੰਦੀ ਹੈ। ਅਸੀਂ ਅਰਦਾਸ ਵਿੱਚ ਹਰ ਰੋਜ਼ ਜਿਹੜੇ ਅੱਠ ਦਾਨ ਮੰਗਦੇ ਹਾਂ, ਉਨ੍ਹਾਂ ਵਿੱਚ 'ਬਿਬੇਕ ਦਾਨ' ਵੀ ਸ਼ਾਮਿਲ ਹੈ। ਸਿੱਖ ਨੇ ਤਰਕਸ਼ੀਲ ਨਹੀਂ, ਸਗੋਂ ਬਿਬੇਕਸ਼ੀਲ ਬਣਨਾ ਹੈ।

ਪੰਜਾਬ ਵਿੱਚ ਪਿਛਲੇ ਸਮੇਂ ਵਿੱਚ ਚੱਲੀ ਖਾੜਕੂ ਲਹਿਰ ਦੌਰਾਨ ਕਈ ਕਾਮਰੇਡ ਅਤੇ ਨਾਸਤਿਕ ਲੋਕ ਵੀ ਗੁਰੂ ਘਰ ਨਾਲ ਆ ਜੁੜੇ। ਇਸ ਨਾਲ ਨਾਸਤਿਕ ਪਾਰਟੀਆਂ ਵਿੱਚ ਚਿੰਤਾ ਦੀ ਲਹਿਰ ਦੌੜ ਗਈ। ਉਨ੍ਹਾਂ ਆਪਣੇ ਕੇਡਰ ਨੂੰ ਕਈ ਤਰ੍ਹਾਂ ਦੇ ਕੰਮ ਦੇਣ ਦੀ ਕੋਸ਼ਿਸ਼ ਕੀਤੀ, ਪਰ ਸਫਲ ਨਾ ਹੋ ਸਕੇ, ਕਿਉਂ ਕਿ ਪੰਜਾਬ ਵਿੱਚ ਸਿੱਖੀ ਜਜ਼ਬਾਤ ਦੀ ਲਹਿਰ ਠਾਠਾਂ ਮਾਰ ਰਹੀ ਸੀ। ਫਿਰ ਨਾਸਤਿਕ ਪਾਰਟੀਆਂ ਨੇ ਪੰਜਾਬ ਵਿੱਚ ਤਰਕਸ਼ੀਲ ਸੁਸਾਇਟੀ ਦੇ ਨਾਂ ਹੇਠ ਕਾਰਜ ਕਰਨਾ ਸ਼ੁਰੂ ਕੀਤਾ ਅਤੇ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਬਚਾਣ ਦੀ ਆੜ ਵਿੱਚ ਆਪਣੇ ਕੇਡਰ ਨੂੰ ਕੰਮ ਦਿੱਤਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਰਕਸ਼ੀਲ ਸੁਸਾਇਟੀ ਨੇ ਕਈ ਥਾਵਾਂ ਤੇ ਲੋਕਾਂ ਨੂੰ ਜਾਗਰੂਕ ਕੀਤਾ, ਪਰ ਅਸਲ ਵਿੱਚ ਇਸ ਦਾ ਮੰਤਵ ਲੋਕ ਸੇਵਾ ਨਹੀਂ। ਪਰਉਪਕਾਰ ਅਤੇ ਸੇਵਾ ਦਾ ਚਾਅ ਇੰਨ੍ਹਾਂ ਪਾਸ ਨਹੀਂ ਢੁੱਕਦਾ। ਹਾਂ, ਇਕ ਗੱਲ ਜ਼ਰੂਰ ਹੈ ਕਿ ਜਿਹੜੇ ਤਰਕਸ਼ੀਲ, ਨਾਸਤਿਕ ਪਾਰਟੀਆਂ ਨਾਲ ਨਹੀਂ ਜੁੜੇ, ਜਦੋਂ ਉਨ੍ਹਾਂ ਨੂੰ ਗੁਰਬਾਣੀ ਦੀ ਗੱਲ ਸੁਣਾਈ ਜਾਵੇਗੀ ਤਾਂ ਉਹ ਜ਼ਰੂਰ ਗੁਰਮਤਿ



www.AKJ.Org

ਦੇ ਨੇੜੇ ਆ ਜਾਣਗੇ।

ਐਸੀ ਹੀ ਇਕ ਘਟਨਾ ਅਕਾਲੀ ਮੋਰਚਿਆਂ ਦੀ ਹੈ ਜਦੋਂ ਅਕਾਲੀਆਂ ਦੇ ਨਾਲ ਜੇਲ ਵਿੱਚ ਇਕ ਨਾਸਤਿਕ ਦੀ ਮੁਲਾਕਾਤ ਹੋਈ। ਅਕਾਲੀ ਦਲ ਦੀਆਂ ਜੇਲ-ਯਾਤਰਾਵਾਂ ਤਾਂ ਗੁਰਮਤਿ ਦੇ ਕੈਂਪ ਹੋਇਆ ਕਰਦੀਆਂ ਸਨ। ਉਹ ਜੇਲ੍ਹ ਵਿੱਚ ਸਾਰਾ ਦਿਨ ਗੁਰਬਾਣੀ ਤੇ ਵਿਚਾਰ ਕਰਦੇ ਹੁੰਦੇ ਸਨ। ਉਸ ਨਾਸਤਿਕ ਨੇ ਜਦੋਂ ਅਕਾਲੀਆਂ ਦਾ ਜੀਵਨ,ਨਿਤਨੇਮ,ਅੰਮ੍ਰਿਤ ਵੇਲਾ ਅਤੇ ਆਚਾਰ-ਵਿਹਾਰ ਵੇਖਿਆ ਤਾਂ ਮਨ ਹੀ ਮਨ ਪ੍ਰਭਾਵਿਤ ਹੁੰਦਾ ਗਿਆ। ਇਕ ਦਿਨ ਕੁਝ ਅਕਾਲੀ ਵੀਰਾਂ ਨੇ ਇਸ ਨਾਸਤਕ ਨੂੰ ਕਿਹਾ ਕਿ ਕੱਲ੍ਹ ਗੁਰਮਤਿ ਵਿਚਾਰ ਦੀ ਲੜੀ ਵਿੱਚ ਵਹਿਮਾਂ-ਭਰਮਾਂ ਬਾਰੇ ਲੈਕਚਰ ਹੋਣਾ ਹੈ ਅਤੇ ਇਹ ਲੈਕਚਰ ਤੁਸੀਂ ਤਿਆਰ ਕਰਨਾ ਹੈ। ਨਾਸਤਿਕ ਵੀਰ ਇਹ ਲੈਕਚਰ ਦੇਣ ਲਈ ਸਹਿਮਤ ਹੋ ਗਿਆ। ਇਕ ਅਕਾਲੀ ਵੀਰ ਨੇ ਉਸਨੂੰ ਗੁਰਬਾਣੀ ਦੇ ਕੁੱਝ ਹਵਾਲੇ ਦੱਸ ਕੇ ਉਸ ਨੂੰ ਆਪਣੇ ਲੈਕਚਰ ਵਿੱਚ ਸ਼ਾਮਿਲ ਕਰਨ ਲਈ ਕਿਹਾ। ਨਾਸਤਿਕ ਵੀਰ ਹੈਰਾਨ ਹੋ ਗਿਆ ਕਿ ਗੁਰਬਾਣੀ ਵਿੱਚ ਵੀ ਵਹਿਮਾਂ-ਭਰਮਾਂ ਦੇ ਖਿਲਾਫ ਪ੍ਰਮਾਣ ਹਨ। ਉਸ ਦੀ ਖੋਜ-ਬਿਰਤੀ ਨੇ ਸਾਰੀ ਰਾਤ ਲਗਾ ਕੇ ਗੁਰਬਾਣੀ ਵਿਚੋਂ ਵਹਿਮਾਂ-ਭਰਮਾਂ ਦੇ ਖਿਲਾਫ ਹਵਾਲਿਆਂ ਦੀ ਖੋਜ ਕੀਤੀ ਅਤੇ ਅਗਲੇ ਦਿਨ ਜਦ ਉਸ ਨੇ ਲੈਕਚਰ ਕੀਤਾ ਤਾਂ ਇਉਂ ਜਾਪਦਾ ਸੀ ਜਿਵੇਂ ਕੋਈ ਗੁਰਮਤਿ ਦਾ ਵਿਦਵਾਨ ਹੀ ਲੈਕਚਰ ਕਰ ਰਿਹਾ ਹੋਵੇ। ਗੱਲ ਕੀ, ਕਿ ਹੌਲੀ-ਹੌਲੀ ਉਹ ਨਾਸਤਿਕ 'ਸਿੰਘ' ਸੱਜ ਗਿਆ ਅਤੇ ਗੁਰਬਾਣੀ ਦਾ ਆਸ਼ਿਕ ਹੋ ਨਿਬੜਿਆ।

ਉਪਰੋਕਤ ਘਟਨਾ ਤੋਂ ਇਹ ਗੱਲ ਸੱਪਸ਼ਟ ਹੁੰਦੀ ਹੈ ਕਿ ਜਿਹੜੇ ਤਰਕਸ਼ੀਲ ਨਾਸਤਕ ਪਾਰਟੀਆਂ ਨਾਲ ਨਹੀਂ ਜੁੜੇ, ਜੇਕਰ ਉਨ੍ਹਾਂ ਨੂੰ ਗੁਰਬਾਣੀ ਅਤੇ ਗੁਰਮਤਿ ਫਿਲਾਸਫੀ ਦੇ ਨੇੜੇ ਲਿਆਈਆ ਜਾਵੇ ਤਾਂ ਉਹ ਜ਼ਰੂਰ ਸਿੰਘ ਸਜ਼ ਜਾਣਗੇ।

ਤਰਕਸ਼ੀਲਾਂ ਨੇ ਜਿਥੇ ਕਈ ਵਹਿਮ ਕੱਢੇ ਹਨ, ਉਥੇ ਇਕ ਵਹਿਮ ਲੋਕਾਂ ਵਿੱਚ ਇਹ ਵੀ ਪਾ ਦਿੱਤਾ ਹੈ ਕਿ ਤਰਕਸ਼ੀਲਤਾ ਹੀ ਸਚਾਈ ਹੈ। ਸਾਨੂੰ ਲੋਕਾਂ ਨੂੰ ਬਿਬੇਕਸ਼ੀਲਤਾ ਦੀ ਗੱਲ ਦੱਸਣੀ ਚਾਹੀਦੀ ਹੈ। ਜਿਹੜੇ ਤਰਕਸ਼ੀਲ ਸਚਮੁੱਚ ਹੀ ਤਰਕਸ਼ੀਲ ਹਨ ਉਹ ਤਾਂ ਛੇਤੀ ਹੀ ਗੁਰਬਾਣੀ ਦੀ ਪਾਰਸਛੋਹ ਨਾਲ ਬਿਬੇਕਸ਼ੀਲ ਬਣ ਜਾਣਗੇ। ਪਰ ਜੇ ਤਰਕਸ਼ੀਲਤਾ ਦੀ ਆੜ ਵਿੱਚ ਨਾਸਤਿਕਤਾ ਅਤੇ ਨਾਸਤਿਕ ਪਾਰਟੀਆਂ ਦਾ ਕੰਮ ਕਰਦੇ ਹਨ ਉਹ ਵਿਚਾਰੇ ਬਿਲਲਾਉਂਦੇ ਹੀ ਰਹਿਣਗੇ। ■■■■

---

(ਪੰਨਾ ੨੨ ਦਾ ਬਾਕੀ...........

ਅੰਮ੍ਰਿਤ ਦੀ ਸ਼ਕਤੀ ਨੇ ਨੀਵੇਂ ਤੋਂ ਨੀਵੇਂ ਸਮਝੇ ਜਾਂਦੇ ਲੋਕਾਂ ਵਿਚ ਅਦੁੱਤੀ ਸ਼ਕਤੀ ਭਰ ਕੇ ਜੋਧਿਆਂ ਦੀ ਪਹਿਲੀ ਕਤਾਰ ਵਿਚ ਲਿਆ ਖਲ੍ਹਾਰਿਆ। ਅੰਮ੍ਰਿਤ ਦੀ ਇਹ ਸ਼ਕਤੀ ਕਿਸੇ ਇਕ ਜਾਂ ਦੋ ਪੀੜੀਆਂ ਤੱਕ ਹੀ ਸੀਮਤ ਨਹੀਂ ਸਗੋਂ ਜਦੋਂ ਤਕ ਖੰਡਾ ਚਲਦਾ ਰਹੇਗਾ, ਖਾਲਸਾ ਪ੍ਰਗਟ ਹੁੰਦਾ ਰਹੇਗਾ। ਡਾ: ਤਾਰਨ ਸਿੰਘ ਲਿਖਦੇ ਹਨ ਕਿ ਇਕ ਪੁਰਾਤਨ ਕਥਾ ਅਨੁਸਾਰ ਰਾਖਸ਼ਾਂ ਦਾ ਨਾਸ਼ ਕਰਨ ਲਈ ਰਿਸ਼ੀਆਂ ਨੇ ਆਬੂ ਪਹਾੜ ਤੇ ਇਕ ਹਵਨ ਕੀਤਾ ਹਵਨ ਵਿਚੋਂ ਪਰਮਾਰ ਚੌਹਾਨ ਸੋਲੰਕ ਅਤੇ ਪਰਹਾਰ ਚਾਰ ਪ੍ਰਤਾਪੀ ਪੁਰਖ ਜਨਮੇਂ। ਇਹਨਾਂ ਚੋਹਾ ਤੋਂ ਚਾਰ ਰਾਜਪੂਤੀ ਖਾਨਦਾਨ ਬਣੇ। ਅਗਨੀ ਕੁੰਡ ਨੇ ਚਾਰ ਪ੍ਰਤਾਪੀ ਸੂਰਮੇ ਪੈਦਾ ਕੀਤੇ ਅਤੇ ਫਿਰ ਸੂਰਮਤਾਈ ਜਨਮ ਤੇ ਹੀ ਆ ਟਿਕੀ। ਇਹਨਾਂ ਸਾਰੇ ਸੂਰਮਿਆਂ ਦੇ ਪੁਤਰ ਅਗਨੀ ਕੁਲ ਛਤਰੀ ਅਖਵਾਏ। ਗੁਰੂ ਸਾਹਿਬ ਦੇ ਖੰਡੇ ਵਿਚੋਂ ਖੜ੍ਹੇ ਕੀਤੇ ਖਾਲਸਾ ਨੂੰ ਜੇ ਪੁਰਾਤਲ ਕਥਾ ਅਨੁਸਾਰ ਹੀ ਨਾਮ ਦੇਈਏ ਤਾਂ ਅਗਨੀ ਤਾਂ ਚਾਰੇ ਸੂਰਮੇ ਪੈਦਾ ਕਰਕੇ ਬੁੱਝ ਗਈ ਪਰ ਖੰਡਾ ਜੁਗੋ ਜੁਗ ਅਟੱਲ ਹੈ। ਜਿਤਨੀ ਦੇਰ ਖੰਡਾ ਚਲਦਾ ਰਹੇਗਾ, ਖਾਲਸਾ ਪੈਂਦਾ ਹੁੰਦਾ ਰਹੇਗਾ। ਖੰਡੇ ਦੀ ਧਾਰ ਤੋਂ ਉਪਜਿਆ ਖਾਲਸਾ ਜਿਥੇ ਆਤਮਿਕ ਜੀਵਨ ਵਾਲਾ ਹੁੰਦਾ ਹੈ। ਉਥੇ ਪ੍ਰਭੂ ਦਰ ਤੇ ਬੁਰਾਈ ਦਾ ਖਾਤਮਾ ਕਰਨ ਲਈ ਅਰਜੋਈ ਕਰਦਾ ਹੈ। ਪਰੰਤੂ ਇਹ ਅਰਜ਼ੋਈ ਤਾਂ ਹੀ ਰੰਗ ਲਿਆਉਂਦੀ ਹੈ। ਜੇ ਖਾਲਸਾ ਆਪਸੀ ਮੱਤ-ਭੇਦ ਤਿਆਗ ਕੇ ਚੌਧਰਾਂ ਤੇ ਫੋਕੀ ਮਾਣ-ਪ੍ਰਤਿਸ਼ਠਾ ਦਾ ਤਿਆਗ ਕਰੇ। ਪ੍ਰੋ: ਸਾਹਿਬ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੁਆਰਾ ਰਚੇ ਕੌਤਕਾਂ ਦਾ ਵਰਣਨ ਕਰਦਿਆ ਇਕ ਥਾਂ ਲਿਖਿਆ ਹੈ ਕਿ ਇਕ ਵਾਰ ਗੁਰੂ ਸਾਹਿਬ ਨੇ ਲਾਂਗਰਿਆਂ ਨੂੰ ਵਧੀਆ ਬਾਸਮਤੀ ਦਾ ਬਹੁਤ ਸਾਰਾ ਪਲਾਉ ਬਣਾਉਣ ਲਈ ਕਿਹਾ। ਪਲਾਉ ਬਣ ਕੇ ਆਇਆ ਤਾਂ ਆਪ ਨੇ ਸ਼ਹਿਰ ਦੇ ਸਾਰੇ ਕੁੱਤੇ ਉਸ ਤੇ ਛੱਡ ਦਿਤੇ। ਪਲਾਉ ਇਤਨਾ ਜ਼ਿਆਦਾ ਸੀ ਕਿ ਜੇ ਉਹ ਰੱਜ ਰੱਜ ਖਾਂਦੇ ਤਾਂ ਵੀ ਮੁਕਣਾ ਨਹੀਂ ਸੀ ਪਰ ਈਰਖਾਲੂ ਸੁਭਾਅ ਕਾਰਨ ਉਹਨਾਂ ਕੁੱਤਿਆਂ ਨੇ ਆਪਸ ਵਿਚ ਲੜਨਾ ਸ਼ੁਰੂ ਕਰ ਦਿਤਾ। ਨਤੀਜੇ ਵਜੋਂ ਕਿਸੇ ਨੇ ਵੀ ਕੁਝ ਨਾ ਖਾਧਾ ਤੇ ਸਾਰਾ ਪਲਾਉ ਪੈਰਾਂ ਹੇਠ ਮਧੋਲਿਆ ਗਿਆ। ਸਿੱਖ ਇਹ ਨਜ਼ਾਰਾ ਵੇਖ ਕੇ ਬਹੁਤ ਹੱਸੇ।

ਅਖੀਰ ਤੇ ਗੁਰੂ ਸਾਹਿਬ ਨੇ ਉਪਦੇਸ਼ ਦੇਂਦੇ ਹੋਏ ਕਿਹਾ ਕਿ ਕੁੱਤਿਆਂ ਦੇ ਇਸ ਸੁਭਾਅ ਤੋਂ ਸਾਨੂੰ ਕੁਝ ਸਿੱਖਣਾ ਚਾਹੀਦਾ ਹੈ। ਜਿਸ ਵੀ ਕੌਮ ਜਾਂ ਦੇਸ਼ ਦੇ ਲੋਕ ਸੋਭਾ, ਚੌਧਰ, ਕੁਰਸੀ ਆਦਿ ਲਈ ਆਪਸ ਵਿਚ ਭਿੜਦੇ ਰਹਿਣਗੇ ਉਹਨਾਂ ਦੇ ਪੱਲੇ ਕੁਝ ਨਹੀਂ ਪੈਂਦਾ ਤੇ ਲੋਕਾਂ ਦੀਆਂ ਨਜ਼ਰਾ ਵਿਚ ਵੀ ਹਾਸੋ ਹੀਣੇ ਹੁੰਦੇ ਹਨ। ਆਉ ਸਮਝੀਏ ਗੁਰੂ ਸਾਹਿਬ ਦੇ ਇਸ



www.AKJ.Org

# ਚਾਹ ਵਿਚ ਕੈਮੀਕਲ ਅੰਸ਼ਾਂ ਦਾ ਵੇਰਵਾ

(ਸ: ਮਾਲਕ ਸਿੰਘ ਜੀ)

ਇਹ ਵਿਗਿਆਨ ਦਾ ਯੁਗ ਹੈ, ਹਰੇਕ ਪਹਿਲੂ ਤੇ ਅਤਿ ਡੂੰਘੀਆਂ ਖੋਜਾਂ ਹੋ ਰਹੀਆਂ ਹਨ। ਡਾਕਟਰਾਂ ਦੀ ਨਵੀਨ ਖੋਜ ਨੇ ਇਹ ਬਿਲਕੁਲ ਸਪੱਸ਼ਟ ਕਰ ਦਿੱਤਾ ਹੈ ਕਿ ਚਾਹ, ਕਾਫ਼ੀ, ਕੋਕੋ-ਕੋਲਾ ਜੋ ਸਾਡੇ ਨਿਤਾ-ਪ੍ਰਤੀ ਸੇਵਨ ਦੇ ਅੰਗ ਬਣ ਚੁੱਕੇ ਹਨ, ਇਹਨਾਂ ਵਿਚ ਕਈ ਤਰ੍ਹਾਂ ਦੇ ਹਾਨੀਕਾਰਕ ਜ਼ਹਿਰੀਲੇ ਕੈਮੀਕਲ ਹੁੰਦੇ ਹਨ, ਜੋ ਸਰੀਰ ਵਿਚ ਕਈ ਤਰ੍ਹਾਂ ਦੀਆਂ ਬੀਮਾਰੀਆਂ ਪੈਦਾ ਕਰਨ ਦਾ ਸਾਧਨ ਬਣਦੇ ਹਨ। ਇਹਨਾਂ ਕੈਮੀਕਲਾਂ ਦਾ ਅਸਰ ਭਾਵੇਂ ਇਕ ਦਮ ਮਹਿਸੂਸ ਨਹੀਂ ਹੁੰਦਾ, ਪਰ ਇਹ ਸਪੱਸ਼ਟ ਹੈ ਕਿ ਇਹਨਾਂ ਉਪਰੋਕਤ (ਚਾਹ, ਕਾਫ਼ੀ ਤੇ ਕੋਕਾ ਕੋਲਾ) ਨਸ਼ੀਲੀਆਂ ਵਸਤਾਂ ਦਾ ਲਗਾਤਾਰ ਸੇਵਨ ਕਰਨਾ ਸਰੀਰ ਨੂੰ ਇਸ ਤਰ੍ਹਾਂ ਖੋਖਲਾ ਕਰ ਦਿੰਦਾ ਹੈ। ਜਿਵੇਂ ਰਾਖਵੇਂ ਭੰਡਾਰ ਵਿਚੋਂ ਹੁਦਾਰ ਚੁਕ ਚੁਕ ਕੇ ਖਾਈ ਜਾਈਏ।

**ਹਾਨੀਕਾਰਕ ਜ਼ਹਿਰੀਲੇ ਕੈਮੀਕਲਾਂ ਦਾ ਵੇਰਵਾ :-**

ਚਾਹ, ਕਾਫ਼ੀ ਦਾ ਕੈਮੀਕਲ ਵਿਸ਼ਲੇਸ਼ਣ (Chemical Analysis)ਕਰਨ ਤੇ ਸਾਰੇ ਹੀ ਪ੍ਰਸਿੱਧ ਡਾਕਟਰ ਇਸ ਨਤੀਜੇ ਤੇ ਪਹੁੰਚੇ ਹਨ ਕਿ ਇਹਨਾਂ ਵਿਚ ਹੇਠ ਲਿਖੇ ਜ਼ਹਿਰੀਲੇ ਮਾਦ੍ਹੇ ਹੁੰਦੇ ਹਨ :-

**੧. ਆਕਜ਼ੇਲਿਕ ਐਸਿਡ ਦੀ ਮਾਤਰਾ (Oxalic Acid)**

ਹਰ ਇਕ ਸਾਇੰਸ ਦਾ ਵਿਦਿਆਰਥੀ ਇਸ ਤੇਜ਼ਾਬ ਤੋਂ ਜਾਣੂ ਹੈ। ਇਹ ਤੇਜ਼ਾਬ ਚਾਹ ਅਤੇ ਕਾਫ਼ੀ ਵਿਚ ਜਿਆਦਾ ਮਾਤਰਾ ਵਿਚ ਹੁੰਦਾ ਹੈ। ਇਸ ਦੀ ਖੋਜ ਕਰਨ ਤੋਂ ਇਹ ਸਿੱਟਾ ਕਢਿਆ ਗਿਆ ਹੈ ਕਿ ਇਨਸਾਨ ਦੇ ਸਰੀਰ ਵਿਚੋਂ ਜੋ ਮੁੜਕਾ ਨਿਕਲਦਾ ਹੈ ਉਸ ਮੁੜਕੇ ਵਿਚ ਇਹ ਤੇਜ਼ਾਬ ਵੀ ਬਾਹਰ ਨਿਕਲਦਾ ਹੈ, ਜੋ ਕਿ ਇਕ ਗੰਦਾ ਮਾਦਾ ਹੈ। ਇਹ ਆਕਜ਼ੇਲਿਕ ਐਸਿਡ ਦਿਨ-ਭਰ ਵਿਚ ਜਿਤਨੀ ਮਿਕਦਾਰ ਵਿਚ ਸਰੀਰ ਵਿਚੋਂ ਨਿਕਲਦਾ ਹੈ ਉਸ ਨਾਲੋਂ ਚਾਰ-ਗੁਣਾ ਇਹੋ ਗੰਦਾ ਮਾਦਾ (Oxalic Acid) ਚਾਹ ਜਾਂ ਕਾਫ਼ੀ ਦੇ ਇਕ ਪਿਆਲੇ ਵਿਚ ਹੁੰਦਾ ਹੈ। ਇਹ Oxalic Acid ਚਾਹ ਜਾਂ ਕਾਫ਼ੀ ਦੇ ਜ਼ਰੀਏ ਲਗਾਤਾਰ ਪੇਟ ਵਿਚ ਜਾਣ ਨਾਲ ਅਕਜ਼ੇਲਯੂਰਿਆ ਰੋਗ ਪੈਦਾ ਹੋ ਜਾਂਦਾ ਹੈ ਅਤੇ ਹੋਰ ਕਈ ਕਿਸਮ ਦੀਆਂ ਬੀਮਾਰੀਆਂ ਪੈਦਾ ਕਰਦਾ ਹੈ। ਇਸ ਗੰਦੇ ਮਾਦੇ ਨੂੰ ਇੰਜ ਵੀ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਇਕ ਤਲਾਬ ਵਿਚ ਇਕ ਪਾਸੇ ਤੋਂ ਗੰਦਾ ਪਾਣੀ ਲਗਾਤਾਰ ਹੀ ਜ਼ਿਆਦਾ ਪਾਉਂਦੇ ਜਾਈਏ ਤੇ ਦੂਜੇ ਪਾਸੇ ਤੋਂ ਗੰਦਾ ਜਲ ਥੋੜ੍ਹਾ ਬਹੁਤ ਕਢਦੇ ਜਾਈਏ ਤਾਂ ਅਖੀਰ ਗੰਦਗੀ ਨਾਲ ਉਸ ਤਲਾਬ ਨੇ ਭਰ ਹੀ ਜਾਣਾ ਹੈ। ਇਸੇ ਤਰ੍ਹਾਂ ਇਕ ਪਾਸੇ ਅਸੀਂ ਪਸੀਨੇ ਰਾਹੀਂ ਆਕਜ਼ੇਲਿਕ ਐਸਿਡ ਗੰਦਾ ਮੰਦਾ ਬਾਹਰ ਕਢਦੇ ਹਾਂ ਪਰ ਦੂਜੇ ਪਾਸੇ ਤੋਂ ਚਾਹ, ਕਾਫ਼ੀ ਰਾਹੀਂ ਉਹ ਹੀ ਗੰਦਾ ਮਾਦਾ ਉਸ ਤੋਂ ਚਾਰ-ਗੁਣਾ ਵਧੇਰੇ ਇਕ ਪਿਆਲਾ ਚਾਹ, ਜਾਂ ਕਾਫ਼ੀ ਪੀਣ ਨਾਲ ਅੰਦਰ ਸੁਟ ਦੇਂਦੇ ਹਾਂ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਹੜਾ ਮਨੁੱਖ ਰੋਜ਼ ਦੇ ਅੱਠ-ਦਸ ਕੱਪ ਚਾਹ ਜਾਂ ਕਾਫ਼ੀ ਪੀਂਦਾ ਹੈ ਉਹ ਅਨੇਕਾਂ ਬੀਮਾਰੀਆਂ ਨੂੰ ਸੱਦਾ ਦਿੰਦਾ ਹੈ।

**੨. ਕੈਫੀਨ ਦੀ ਮਾਤਰਾ ਅਤੇ ਇਸ ਦੇ ਨੁਕਸਾਨ :-**

(ੳ) ਮਾਤਰਾ- ਕੈਫ਼ੀਨ ਨੂੰ ਸਾਰੇ ਹੀ ਡਾਕਟਰ ਇਕ ਕਿਸਮ ਦਾ ਜ਼ਹਿਰ ਗਿਣਦੇ ਹਨ। ਕਾਫ਼ੀ ਅਤੇ ਚਾਹ ਵਿਚ ਪ੍ਰਧਾਨ ਤੱਤ ਕੈਫ਼ੀਨ ਦਾ ਹੀ ਹੁੰਦਾ ਹੈ। ਚਾਹ ਵਿਚ ਕੈਫ਼ੀਨ ਪੌਣੇ ਦੋ ਫ਼ੀ ਸਦੀ ਅਤੇ ਕਾਫ਼ੀ ਵਿਚ ਦੋ ਫ਼ੀ ਸਦੀ ਹੁੰਦੀ ਹੈ। ਆਮ ਕਰਕੇ ਇਕ ਪਿਆਲਾ ਚਾਹ ਜਾਂ ਕਾਫ਼ੀ ਵਿਚ ਚਾਰ ਗ੍ਰੇਨ ਕੈਫ਼ੀਨ ਹੁੰਦੀ ਹੈ ਜਾਂ ਇਉਂ ਕਹੋ ਕਿ ਚਾਹ ਜਾਂ ਕਾਫ਼ੀ ਦੇ ਇਕ ਦਰਮਿਆਨੇ ਪਿਆਲੇ ਵਿਚ ਆਮ ਕਰਕ ਇਕ ਰੱਤੀ ਅਤੇ ਕੋਕਾ-ਕੋਲਾ ਦੀ ਇਕ ਬੋਤਲ ਵਿਚ ਚੌਥਾਈ ਤੋਂ ਅੱਧੀ ਰੱਤੀ ਕੈਫ਼ੀਨ ਹੁੰਦੀ ਹੈ। ਇਹ ਜ਼ਹਿਰ ਕੈਫ਼ੀਨ ਦੇ ਰੂਪ ਵਿਚ ਸਰੀਰ ਵਿਚ ਪਹੁੰਚ ਕੇ ਸਰੀਰ ਨੂੰ ਕਮਜ਼ੋਰ, ਖੋਖਲਾ, ਆਲਸੀ ਅਤੇ ਨਿਕਾਰਾ ਬਣਾ ਦਿੰਦਾ ਹੈ।

**(ਅ) ਕੈਫ਼ੀਨ ਦੇ ਨੁਕਸਾਨ :-** ਕੈਫ਼ੀਨ ਦੇ ਨੁਕਸਾਨ ਬਾਰੇ ਡਾਕਟਰਾਂ ਦੀਆਂ ਵਿਚਾਰਾਂ ਹੇਠ ਦਿੱਤੀਆਂ ਜਾਂਦੀਆਂ ਹਨ :-

(1) ਪ੍ਰੋਫ਼ੈਸਰ ਲਹਿਮੈਨ ਦੀ ਖੋਜ ਦਾ ਸਿੱਟਾ :- ਕੈਫ਼ੀਨ ਬੜੀ ਹੀ ਜ਼ਹਿਰੀਲੀ ਚੀਜ਼ ਹੈ। ਇਸ ਦੀ ੫-੭ ਗ੍ਰੇਨ ਦੀ ਨਿੱਕੀ ਜਿਹੀ ਮਾਤਰਾ ਵੀ ਨਾੜੀਆਂ ਅੰਦਰ ਬਹੁਤ ਜੋਸ਼ ਪੈਦਾ ਕਰ ਦਿੰਦੀ ਹੈ। ਇਸ ਦਾ ਸੇਵਨ ਸਿਰ ਵਿਚ ਦਰਦ, ਕੰਨਾਂ ਵਿਚ ਸ਼ਾਂ ਸ਼ਾਂ ਅਤੇ ਅੱਖਾਂ ਵਿਚ ਚੁੰਧਿਆ ਪੈਦਾ ਕਰਦੀ ਹੈ,



www.AKJ.Org

ਅਰਥਾਤ ਅੱਖਾਂ ਚਾਨਣੇ ਵਿਚ ਨਹੀਂ ਖੁਲ੍ਹਦੀਆਂ। ਇਸ ਦੇ ਪੀਣ ਨਾਲ ਮਨੁੱਖ ਦਾ ਦਿਮਾਗ ਕਮਜ਼ੋਰ ਹੋ ਜਾਂਦਾ ਹੈ, ਨੀਂਦਰ ਖ਼ਤਮ ਹੋ ਜਾਂਦੀ ਹੈ ਅਤੇ ਕਈ ਇਕ ਮਾਨਸਿਕ ਰੋਗ ਉਤਪੰਨ ਹੋ ਜਾਂਦੇ ਹਨ।

ਡਾਕਟਰ ਲਹਿਮੈਨ ਦਾ ਬਿਆਨ ਹੈ ਕਿ ਮੈਂ ਆਪ ਖ਼ਾਲਸ ਕੈਫ਼ੀਨ ਦੀ ਵਰਤੋਂ ਆਪਣ ਉਪਰ ਅਤੇ ਆਪਣ ਸ਼ਗਿਰਦਾਂ ਉਪਰ ਕਰ ਚੁੱਕਾ ਹਾਂ। ਪੰਜ ਵਿਅਕਤੀਆਂ ਨੂੰ ੫ ਤੋਂ ੧੦ ਗਰਾਮ ਦੇਣ ਦਾ ਸਿੱਟਾ ਇਹ ਹੋਇਆ ਕਿ ਉਹ ਸਾਰੇ ਹੀ ਦੂਜੇ ਕੰਮ ਕਰਨ ਜੋਗੇ ਨਹੀਂ ਰਹੇ ਸਨ।

ਜਿਨਾਂ ਨੂੰ ਧੁੰਦ ਰੋਗ (Glaucoma) ਹੈ, ਉਹਨਾਂ ਵਾਸਤੇ ਤਾਂ ਚਾਹ ਤੇ ਕਾਫ਼ੀ ਸੌ ਫ਼ੀ ਸਦੀ ਜ਼ਹਿਰ ਸਮਾਨ ਹੈ।

(2) ਡਾਕਟਰ ਕੈਲਾਗ ਦੀ ਖੋਜ :- ਚਾਹ ਜਾਂ ਕਾਫੀ ਦੇ ਇਕ ਪਿਆਲੇ ਦੀ ਕੈਫ਼ੀਨ ਹੀ ਬਲੱਡ ਪ੍ਰੈਸ਼ਰ (Blood Pressure) ਬਹੁਤ ਵਧਾ ਦਿੰਦੀ ਹੈ। ਬਲੱਡ ਪ੍ਰੈਸ਼ਰ ਨਾਲ ਦਿਲ ਦੀ ਹਰਕਤ ਬੰਦ ਹੋਣ ਦਾ ਡਰ ਹੁੰਦਾ । ਅੱਜ ਕਲ੍ਹ ਜਿਹੜੀ ਦਿਲ ਦੇ ਦੌਰੇ (Heart Attack) ਦੀ ਬੀਮਾਰੀ ਵਧਦੀ ਜਾ ਰਹੀ ਹੈ ਉਸ ਦਾ ਵਿਸ਼ੇਸ਼ ਕਾਰਨ ਚਾਹ ਜਾਂ ਕਾਫ਼ੀ ਰਾਹੀਂ ਕੈਫ਼ੀਨ ਦਾ ਗ੍ਰਹਿਣ ਕਰਨਾ ਵੀ ਹੈ। ਅਮਰੀਕਾ ਦੇ ਪ੍ਰਸਿੱਧ ਡਾਕਟਰ ਕੈਲਾਗ ਨੇ ਆਪਣੇ ਹਜ਼ਾਰਾਂ ਰੋਗੀਆਂ ਦਾ ਤਜਰਬਾ ਕਰ ਕੇ ਤੱਤ ਕਢਿਆ ਹੈ ਕਿ ਦਿਲ ਦੇ ਦੌਰੇ ਨਾਲ ਹੋਈਆਂ ਮੌਤਾਂ ਦਾ ਕਾਰਨ ਚਾਹ ਤੇ ਕਾਫ਼ੀ ਦਾ ਸੇਵਨ ਹੀ ਹੈ।

(3) ਡਾਕਟਰ ਐਚ. ਐਚ. ਰਬਸੀ ਦੀ ਖੋਜ ਦਾ ਸਿੱਟਾ-ਕੈਫ਼ੀਨ ਅਸਲ ਵਿਚ ਇਕ ਜ਼ਹਿਰ ਹੈ। ਇਸ ਜ਼ਹਿਰ ਦੀਆਂ ਹਲਕੀਆਂ ਅਤੇ ਤੇਜ਼ ਦੋ ਕਿਸਮਾਂ ਹਨ। ਚਾਹ ਤੇ ਕਾਫ਼ੀ ਦੇ ਰੂਪ ਵਿਚ ਕੈਫ਼ੀਨ ਦੀ ਵਰਤੋਂ ਕਰਨ ਨਾਲ ਹੋਰ ਨਸ਼ੀਲੀਆਂ ਵਸਤਾਂ ਵਾਂਗ ਮਨੁੱਖ ਇਸ ਦਾ ਆਦੀ ਬਣ ਜਾਂਦਾ ਹੈ, ਜਿਸ ਨਾਲ ਦਿਲ ਉਪਰ ਬਹੁਤ ਹੀ ਬੁਰਾ ਅਸਰ ਪੈਂਦਾ ਹੈ। ਕਿਸੇ ਦਿਮਾਗੀ ਸੱਟ ਜਾਂ ਅਚਾਨਕ ਲਹੂ ਦਾ ਦਬਾਅ ਘੱਟ ਹੋ ਜਾਣ ਨਾਲ, ਕਈ ਗ੍ਰੇਨ ਕੈਫ਼ੀਨ ਦੇ ਕੇ ਉਸ ਨੂੰ ਵਧਾਇਆ ਜਾਂਦਾ ਹੈ। ਡਾਕਟਰ ਅਜਿਹੀ ਹਾਲਤ ਵਿਚ ਫੌਰਨ ਕੈਫ਼ੀਨ ਦਿਆ ਕਰਦੇ ਹਨ। ਚਾਹ ਦੀ ਪਿਆਲੀ ਵਿਚ ਸਰੀਰ ਅੰਦਰ ਜਾਣ ਵਾਲੀ ਕੈਫ਼ੀਨ ਨਾਲ ਲਹੂ ਦਾ ਦਬਾਅ ਵੱਧ ਜਾਂਦਾ ਹੈ।

(4) ਡਾਕਟਰ ਐਡਵਰਡ ਸਮਿਥ ਦੀ ਖੋਜ ਦਾ ਸਿੱਟਾ-ਡਾਕਟਰ ਸਾਹਿਬ ਨੇ ਇਹ ਸਾਬਤ ਕੀਤਾ ਹੈ ਕਿ ਕੈਫ਼ੀਨ ਦੇ ਅਸਰ ਹੇਠ ਇਕ ਵਾਰ ਤਾਂ ਆਦਮੀ ਕੰਮ ਵਿਚ ਜੁੱਟ ਜਾਂਦਾ ਹੈ, ਪਰ ਪਿਛੋਂ ਵਧੇਰੇ ਥਕਾਵਟ ਮਹਿਸੂਸ ਕਰਦਾ ਹੈ। ਉਹ ਆਪ ਆਖਦੇ ਹਨ-"ਆਪਣਾ ਭਲਾ ਚਾਹੁਣ ਵਾਲਿਆਂ ਨੂੰ ਚਾਹ, ਕਾਫ਼ੀ, ਕੋਕਾ-ਕੋਲਾ, ਤਮਾਕੂ ਸ਼ਰਾਬ ਆਦਿ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਸਰੀਰ ਅਤੇ ਦਿਮਾਗ ਨੂੰ ਆਰਜ਼ੀ ਤੌਰ ਤੇ ਜੋਸ਼ ਦੁਆ ਕੇ ਕੋਈ ਲਾਭ ਪ੍ਰਾਪਤ ਕਰਨ ਦਾ ਖ਼ਿਆਲ ਉੱਕਾ ਹੀ ਗ਼ਲਤ ਹੈ। ਜੇ ਕੋਈ ਵਿਅਕਤੀ ਆਖਦਾ ਹੈ ਕਿ ਉਸ ਨਾਲ ਲਾਭ ਹੁੰਦਾ ਹੈ ਤਾਂ ਉਸ ਬਾਰੇ ਆਖਣਾ ਹੀ ਪਵੇਗਾ ਕਿ ਉਸ ਨੇ ਸਰੀਰ ਦੀ ਸਾਇੰਸ ਬਾਰੇ ਕਦੇ ਵੀ ਅਧਿਐਨ ਕਰਨ ਦੀ ਲੋੜ ਹੀ ਮਹਿਸੂਸ ਨਹੀਂ ਕੀਤੀ।

(ੲ) ਕੈਫੀਨ ਆਰਜ਼ੀ ਜੋਸ਼ ਪੈਦਾ ਕਰਦੀ ਹੈ:-

ਕੈਫ਼ੀਨ ਸਰੀਰ ਦੇ ਸੈਲਾਂ ਅੰਦਰ ਆਰਜ਼ੀ ਜੋਸ਼ ਪੈਦਾ ਕਰਦੀ ਹੈ, ਜਿਹੜਾ ਕਿ ਸਰੀਰ ਲਈ ਲਾਭ ਦੀ ਥਾਂ ਹਾਨੀਕਾਰਕ ਬਹੁਤਾ ਹੈ। ਕਿਸੇ ਅੰਗ ਵਿਚ ਬਨਾਉਟੀ ਜੋਸ਼ ਬਾਰ ਬਾਰ ਭਰਨ ਨਾਲ ਉਹ ਕਮਜ਼ੋਰ ਹੋ ਜਾਂਦਾ ਹੈ। ਜਿਵੇਂ ਕਿ ਗੁਬਾਰੇ ਵਿਚ ਬਾਰ ਬਾਰ ਹਵਾ ਭਰਨ ਤੇ ਉਹ ਕਮਜ਼ੋਰ ਹੋ ਕੇ ਫਟ ਜਾਂਦਾ ਹੈ। ਸਰੀਰ ਦੇ ਸੈਲਾਂ ਨੂੰ ਚਾਹ, ਕਾਫ਼ੀ,ਸਿਗਰਟ ਤੇ ਹੋਰ ਨਸ਼ੀਲੀਆਂ ਵਸਤੂਆਂ ਦੀ ਮਦਦ ਨਾਲ ਜੋਸ਼ ਦੇ ਕੇ ਕੁਝ ਸਮੇਂ ਤੀਕ ਕੰਮ ਤੇ ਲਗਾਇਆ ਜਾ ਸਕਦਾ ਹੈ, ਪਰ ਇਸ ਨਾਲ ਸਰੀਰ ਅੰਦਰ ਕਮਜ਼ੋਰੀ ਦਾ ਆ ਜਾਣਾ ਜ਼ਰੂਰੀ ਹੈ। ਚਾਹ ਜਾਂ ਕਾਫ਼ੀ ਇਸ ਨੁਕਸਾਨ ਨੂੰ ਕਿਸੇ ਤਰ੍ਹਾਂ ਵੀ ਪੂਰਾ ਨਹੀਂ ਕਰ ਸਕਦੀਆਂ, ਸਗੋਂ ਇਸ ਦੇ ਉਲਟ ਇਹ ਨੁਕਸਾਨ ਹੀ ਕਰਦੀਆਂ ਹਨ।

(ੳ) ਯੂਰਿਕ ਐਸਿਡ :-

ਚਾਹ ਜਾਂ ਕਾਫ਼ੀ ਵਿਚ ਜੋ ਕੈਫ਼ੀਨ ਹੁੰਦੀ ਹੈ ਉਹ ਯੂਰਿਕ ਐਸਿਡ ਜਾਤੀ ਦੀ ਹੁੰਦੀ ਹੈ। ਯੂਰਿਕ ਐਸਿਡ ਨੂੰ ਮੂਤਰ-ਅਮਲ (ਤੇਜ਼ਾਬ) ਕਹਿੰਦੇ ਹਨ। ਜੋ ਗੰਦਾ ਮਾਦਾ ਇਨਸਾਨ ਦੇ ਸਰੀਰ ਵਿਚੋਂ ਪਿਸ਼ਾਬ ਦੇ ਰੂਪ ਵਿਚ ਬਾਹਰ ਨਿਕਲਦਾ ਹੈ ਉਸ ਵਿਚ ਸਭ ਤੋਂ ਜ਼ਿਆਦਾ ਮਾਤਰਾ ਯੂਰਿਕ ਐਸਿਡ ਦੀ ਹੁੰਦੀ ਹੈ। ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜੋ ਚਾਹ ਜਾਂ ਕਾਫ਼ੀ ਪੀਤੀ ਜਾਂਦੀ ਹੈ ਉਸ ਵਿਚ ਇਹ ਗੰਦਾ ਮਾਦਾ ਮੂਤਰ- ਅਮਲ (ਯੂਰਿਕ ਐਸਿਡ) ਦੇ ਰੂਪ ਵਿਚ ਸਰੀਰ ਅੰਦਰ ਪ੍ਰਵੇਸ਼ ਹੁੰਦਾ ਹੈ, ਇਸ ਕਰਕੇ ਹਿਰਦੇ, ਜਿਗਰ ਅਤੇ ਹੋਰ ਅੰਗਾਂ ਵਿਚ ਖ਼ਰਾਬੀ ਪੈਦਾ ਹੋ ਜਾਂਦੀ ਹੈ।

ਪ੍ਰੋਫ਼ੈਸਰ ਗੌਡਲ ਨੇ ਇਹ ਸਾਬਤ ਕੀਤਾ ਹੈ ਕਿ ਚਾਹ ਪੀਣ ਦੇ ਬਾਅਦ ਪਿਸ਼ਾਬ 'ਵਿਚ ਯੂਰਿਕ ਐਸਿਡ ਦੋ-ਗੁਣਾ ਹੋ ਜਾਂਦਾ ਹੈ।'New Pore ਡਾਕਟਰ



www.AKJ.Org

ਟਿੱਬਲ ਦੀ ਖੋਜ ਹੈ ਕਿ ਚਾਹ ਜਾਂ ਕਾਫ਼ੀ ਪੀਣ ਨਾਲ ਬਹੁ-ਮੂਤਰ ਰੋਗ ਹੋ ਜਾਂਦਾ ਹੈ, ਜਿਸ ਦਾ ਜਿਗਰ ਤੇ ਬੁਰਾ ਅਸਰ ਪੈਂਦਾ ਹੈ।

(੪) ਟੈਨਿਨ :-

ਚਾਹ ਅਤੇ ਕਾਫ਼ੀ ਵਿਚ ਟੈਨਿਨ ਵੀ ਕਾਫ਼ੀ ਮਿਕਦਾਰ ਵਿਚ ਹੁੰਦੀ ਹੈ। ਟੈਨਿਨ ਪਸ਼ੂਆਂ ਦੇ ਚਮੜੇ ਨੂੰ ਰੰਗਣ ਅਤੇ ਸਖ਼ਤ ਕਰਨ ਲਈ ਵਰਤੀ ਜਾਂਦੀ ਹੈ। ਟੈਨਿਨ ਦੇ ਕਾਰਨ ਫੇਫੜੇ ਦੀ ਉਪਰਲੀ ਸਤਹ ਕੁਝ ਸਖ਼ਤ ਅਤੇ ਰੰਗਤ ਵਿਚ ਆ ਜਾਂਦੀ ਹੈ। ਚਾਹ ਤੇ ਕਾਫ਼ੀ ਪੀਣ ਵਾਲਿਆਂ ਦੀ ਅਮਾਸ਼ਯ (ਪੇਟ ਦੀਆਂ ਅੰਤੜੀਆਂ) ਦੀ ਚਮੜੀ ਅੰਦਰੋਂ ਸਖ਼ਤ ਹੋ ਜਾਂਦੀ ਹੈ, ਜਿਸ ਦਾ ਪਾਚਨ-ਸ਼ਕਤੀ ਤੇ ਬੁਰਾ ਅਸਰ ਪੈਂਦਾ ਹੈ। ਟੈਨਿਨ ਸਰੀਰ ਦੀ ਉਪਰਲੀ ਚਮੜੀ ਨੂੰ ਸਖ਼ਤ ਅਤੇ ਖੁਰਦਰਾ ਬਣਾ ਦਿੰਦੀ ਹੈ, ਸਰੀਰ ਦੀ ਸੁੰਦਰਤਾ ਅਤੇ ਕੋਮਲਤਾ ਨੂੰ ਨਾਸ ਕਰ ਦਿੰਦੀ ਹੈ।

ਟੈਨਿਨ ਫ਼ੌਲਾਦ ਉੱਤੇ ਵੀ ਆਪਣਾ ਅਸਰ ਕਰਦੀ ਹੈ। ਭੋਜਨ ਤੇ ਖ਼ੁਰਾਕ ਰਾਹੀਂ ਅਸੀਂ ਜੋ ਫ਼ੌਲਾਦ (IRON) ਸੇਵਨ ਕਰਦੇ ਹਾਂ ਟੈਨਿਨ ਉਸ ਫ਼ੌਲਾਦ ਨੂੰ ਸਖ਼ਤ ਅਤੇ ਅਨ-ਪਾਚਨ-ਯੋਗ (UN-DIGESTIBLE) ਬਣਾ ਦਿੰਦੀ ਹੈ, ਜਦੋਂ ਕਿ ਇਹ ਫ਼ੌਲਾਦ ਸਾਡੇ ਸਰੀਰ ਲਈ ਇਕ ਆਵਸ਼ਕਤ ਧਾਤੂ ਹੈ।

(੫) ਨਿਕੋਟੀਨ-

ਨਵੀਨ ਖੋਜ ਨੇ ਇਹ ਸਪੱਸ਼ਟ ਕਰ ਦਿਤਾ ਹੈ ਕਿ ਚਾਹ ਵਿਚ ਨਿਕੋਟੀਨ ਨਾਮ ਦਾ ਕੈਮੀਕਲ ਵੀ ਹੁੰਦਾ ਹੈ। ਕਈਆਂ ਦਾ ਕਹਿਣਾ ਹੈ ਕਿ ਇਸ ਚਾਹ ਨੂੰ ਤੰਬਾਕੂ, ਧਤੂਰਾ ਅਤੇ ਸੰਖੀਏ ਦੀ ਪੁੱਠ ਦਿਤੀ ਜਾਂਦੀ ਹੈ। ਇਹ ਠੀਕ ਹੈ ਜਾਂ ਗ਼ਲਤ, ਇਹ ਇਕ ਵਖਰਾ ਵਿਸ਼ਾ ਹੈ, ਪਰ ਇਹ ਸਪੱਸ਼ਟ ਹੈ ਕਿ ਜਿਹੜਾ ਖ਼ਾਸ ਕੈਮੀਕਲ ਤੰਬਾਕੂ ਵਿਚ ਪਾਇਆ ਜਾਂਦਾ ਹੈ ਉਹ ਨਿਕੋਟੀਨ ਹੀ ਹੈ। ਅਤੇ ਇਹ ਨਿਕੋਟੀਨ ਚਾਹ ਵਿਚ ਕੁਦਰਤੀ ਹੁੰਦੀ ਹੈ। ਨਿਕੋਟੀਨ ਬਾਰੇ ਡਾਕਟਰਾਂ ਦਾ ਵਿਚਾਰ ਹੇਠ ਦਿਤਾ ਜਾਂਦਾ ਹੈ :

ਨਿਕੋਟੀਨ ਤੰਬਾਕੂ ਦਾ ਸਤ ਹੈ। ਤੰਬਾਕੂ ਵਿਚ ਖ਼ਾਸ ਕਰਕੇ ਦੋ ਤੱਤ ਹਨ। ਪਹਿਲਾ 'ਬੈ ਜੋਪਾਇਰੀਨ' ਜੋ ਸਾਹ ਲੈਣ ਦੀ ਮਸ਼ੀਨਰੀ ਨੂੰ ਖ਼ਰਾਬ ਕਰਦਾ ਹੈ ਤੇ ਦੂਜਾ 'ਨਿਕੋਟੀਨ' ਹੈ। ਇਹ ਉਮਰ ਘਟਾਉਂਦੀ ਹੈ। ਆਪਣੇ ਸ਼ੁਧ ਰੂਪ ਵਿਚ ਨਿਕੋਟੀਨ ਬੜੀ ਭਿਆਨਕ ਜ਼ਹਿਰ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਨਿਕੋਟੀਨ ਦੀ ਇਕ ਬੂੰਦ ਖਰਗੋਸ਼ ਤੇ ਡਿੱਗ ਪਵੇ ਤਾਂ ਉਹ ਬੇਹੋਸ਼ ਹੋ ਜਾਂਦਾ ਹੈ। ਵੈਦ ਵਿਸ਼ਾਰਦ ਵਿਚ ਲਿਖਿਆ ਹੈ ਕਿ ਇਕ ਆਦਮੀ ਦਿਨ ਵਿਚ ਜਿੰਨੇ ਸਿਗਰਟ ਪੀ ਜਾਂਦਾ ਹੈ, ਜੇ ਉਹਨਾਂ ਸਾਰਿਆਂ ਦਾ ਜ਼ਹਿਰ ਉਸ ਦੇ ਸਰੀਰ ਵਿਚ ਟੀਕੇ ਦੇ ਜ਼ਰੀਏ ਲਾ ਦੇਈਏ ਤਾਂ ਉਹ ਉਸੇ ਤਰ੍ਹਾਂ ਉਲਟ ਜਾਏਗਾ ਜਿਸ ਤਰ੍ਹਾਂ ਗੋਲੀ ਲਗਣ ਨਾਲ ਉਲਟਦਾ ਹੈ।

ਨਿਕੋਟੀਨ ਸਭ ਤੋਂ ਜ਼ਿਆਦਾ ਦਿਲ ਉਤੇ ਅਸਰ ਕਰਦੀ ਹੈ ਅਤੇ ਪਾਚਨ-ਸ਼ਕਤੀ ਨੂੰ ਨੁਕਸਾਨ ਪਹੁੰਚਾਉਂਦੀ ਹੈ। ਨਿਕੋਟੀਨ ਨਾਲ ਕੱਫ਼ ਦੀ ਝਿੱਲੀ ਨਾਸ ਹੋ ਜਾਂਦੀ ਹੈ ਤੇ ਖ਼ੂਨ ਦਾ ਦੌਰਾ ਵਧ ਜਾਂਦਾ ਹੈ। ਨਿਕੋਟੀਨ ਨਾਲ ਛਾਤੀ ਧੜਕਣ ਦੀ ਬੀਮਾਰੀ ਵੀ ਲਗ ਸਕਦੀ ਹੈ।

ਸੋ ਉਪਰੋਕਤ ਉਦਾਹਰਣ ਤੋਂ ਇਹ ਸਪੱਸ਼ਟ ਹੋ ਗਿਆ ਕਿ ਜਿਹੜਾ ਕੈਮੀਕਲ ਤੰਬਾਕੂ ਵਿਚ ਹੈ ਅਤੇ ਇਤਨਾ ਹਾਨੀਕਾਰਕ ਹੈ ਉਹ ਹੀ ਕੈਮੀਕਲ (ਨਿਕੋਟੀਨ) ਚਾਹ ਵਿਚ ਭੀ ਕੁਦਰਤੀ ਹੈ, ਜੋ ਹਰ ਹਾਲਤ ਵਿਚ ਸਰੀਰ ਲਈ ਨੁਕਸਾਨ-ਦੇਹ ਹੈ।

ਸਾਰ ਸਿੱਟਾ :- ਉਪਰੋਕਤ ਡਾਕਟਰਾਂ ਦੀਆਂ ਦਲੀਲਾਂ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਚਾਹ, ਕਾਫ਼ੀ, ਕੋਕਾ-ਕੋਲਾ ਆਦਿ ਵਿਚ ਬਹੁਤ ਹੀ ਹਾਨੀਕਾਰਕ ਅਤੇ ਜ਼ਹਿਰੀਲੇ ਕੈਮੀਕਲ ਹਨ ਜੋ ਕਈ ਤਰ੍ਹਾਂ ਦੇ ਰੋਗ ਪੈਦਾ ਕਰਦੇ ਹਨ। ਇਹ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਚਾਹ, ਕਾਫ਼ੀ ਆਦਿ ਵਿਚ ਆਕਜ਼ੈਲਿਕ ਐਸਿਡ, ਕੈਫ਼ੀਨ, ਯੂਰਿਕ ਐਸਿਡ, ਟੈਨਿਨ, ਨਿਕੋਟੀਨ ਅਤੇ ਹੋਰ ਅਨੇਕਾਂ ਜ਼ਹਿਰੀਲੇ ਕੈਮੀਕਲ ਹੁੰਦੇ ਹਨ ਤਾਂ ਇਸ ਦੀ ਵਰਤੋਂ ਕਰਨ ਵਾਲੇ ਮਨੁੱਖ ਦੀ ਮੌਤ ਕਿਉਂ ਨਹੀਂ ਹੋ ਜਾਂਦੀ। ਇਸ ਦਾ ਉਤਰ ਇਹ ਹੈ ਕਿ ਇਹ ਕੈਮੀਕਲ ਆਪਣਾ ਅਸਰ ਸਰੀਰ ਤੇ ਜ਼ਰੂਰ ਕਰਦੇ ਹਨ, ਪਰ ਆਦਮੀ ਦਾ ਸਰੀਰ ਧੀਰੇ ਧੀਰੇ ਜ਼ਹਿਰ ਪਚਾਉਣ ਦਾ ਵੀ ਆਦੀ ਬਣ ਜਾਂਦਾ ਹੈ। ਤਜਰਬੇ ਵਜੋਂ ਇਹਨਾਂ ਨਸ਼ੀਲੀਆਂ ਪਦਾਰਥਾਂ ਦੀ ਵਰਤੋਂ ਨਾਲ ਜੋ ਅਸਰ ਸਰੀਰ ਤੇ ਹੁੰਦਾ ਹੈ ਉਸ ਦਾ ਮੁਕਾਬਲਾ ਇਨ੍ਹਾਂ ਦੀ ਵਰਤੋਂ ਨਾ ਕਰਨ ਵਾਲਿਆਂ ਨਾ ਕੀਤਾ ਜਾ ਸਕਦਾ ਹੈ। ਇਸ ਲਈ ਆਪਣੇ ਭਲੇ ਖ਼ਾਤਰ ਸਰੀਰ ਨੂੰ ਤੰਦਰੁਸਤ ਤੇ ਅਰੋਗ ਰਖਣ ਲਈ, ਸਰੀਰ ਤੇ ਤਰਸ ਕੀਤਾ ਜਾਏ ਅਤੇ ਉਪਰੋਕਤ ਨਸ਼ੀਲੀਆਂ ਵਸਤਾਂ ਦਾ ਤਿਆਗ ਕੀਤਾ ਜਾਏ। ਜੇ ਕਰ ਨੁਕਸਾਨ ਤੋਂ ਜਾਣੂ ਹੋ ਕੇ ਵੀ ਇਨ੍ਹਾਂ ਨਸ਼ੀਲੀਆਂ ਵਸਤਾਂ ਦਾ ਸੇਵਨ ਕਰੀ ਜਾਣਾ ਹੈ ਤਾਂ ਫਿਰ ਇਹੋ ਕਹਿਣਾ ਪਵੇਗਾ :-

ਕਬੀਰ ਮਨੁ ਜਾਨੈ ਸਭ ਬਾਤ,ਜਾਨਤ ਹੀ ਅਉਗਨੁ ਕਰੈ।।
ਕਾਹੇ ਕੀ ਕੁਸਲਾਤ, ਹਾਥਿ ਦੀਪੁ ਕੂਏ ਪਰੈ।। ੨੧੬।।
(੧੩੭੬)



www.AKJ.Org

# ਸਿੱਖ ਧਰਮ ਵਿਚ ਕੇਸ

(ਪ੍ਰੋ: ਜੋਗਿੰਦਰ ਸਿੰਘ ਜੀ, ਦਿੱਲੀ)

ਸਿੱਖ ਧਰਮ ਵਿਚ 'ਕੇਸਾਂ' ਦਾ ਭਾਵ-ਅਰਥ ਕੇਵਲ ਸਿਰ ਦੇ ਵਾਲ ਹੀ ਨਹੀਂ, ਸਗੋਂ ਸਰੀਰ ਦੇ ਹਰ ਅੰਗ ਉਤੇ ਜਿਹੜੇ ਵਾਲ ਹਨ, ਜਿਨ੍ਹਾਂ ਦੀ ਹੋਂਦ ਸੁਭਾਵਕ ਤੇ ਸੁਤੰਤਰ ਰੂਪ ਵਿਚ ਹੁੰਦੀ ਹੈ, ਉਹਨਾਂ ਸਰਬ ਵਾਲਾਂ ਨੂੰ 'ਕੇਸਾਂ' ਦਾ ਸੰਕਲਪ ਦਿਤਾ ਜਾਂਦਾ ਹੈ। 'ਸਿੱਖ ਧਰਮ' ਸੁਭਾਵਕ, ਸੁਤੰਤਰ, ਸ਼ੁੱਧ, ਸੰਤੁਲਣ ਤੇ ਸੁੰਤਤਰਤਾ ਦਾ ਧਰਮ ਹੈ। ਇਸੇ ਲਈ ਸਿੱਖ ਧਰਮ ਵਿਚ ਕੇਸਾਂ ਦੀ ਜਿੰਦਗੀ ਪ੍ਰਵਾਨ ਹੈ। ਕੇਸ-ਹੀਣ ਤੇ ਕੇਸਾਂ ਦੀ ਬੇਅਦਬੀ ਕਰਨ ਵਾਲੀ ਜ਼ਿੰਦਗੀ ਅਪ੍ਰਵਾਨ ਹੈ। 'ਗੁਰੂ-ਖਾਲਸਾ' ਕੇਸ-ਜ਼ਿੰਦਗੀ ਨੂੰ ਉਲੰਘਣ ਕਰਨ ਵਾਲੇ ਨੂੰ 'ਸਿਰਗੁੰਮਨ' ਆਖਦਾ ਹੈ। ਸਿਰਗੁੰਮਨ ਦਾ ਭਾਵ ਹੈ, 'ਇਨਸਾਨੀ ਗੌਰਵ ਨੂੰ ਗਵਾ ਲੈਣਾ।' ਸਿਖ ਧਰਮ ਵਿਚ ਕੇਸਾਂ ਦਾ ਗੌਰਵ ਇਨਸਾਨੀ-ਗੌਰਵ ਦੇ ਤੁਲ ਹੈ। ਇਨਸਾਨੀ ਗੌਰਵ ਦੀ ਸੰਭਾਲ ਬਿਨਾਂ ਆਪਣੀ ਸ਼ਖਸੀਅਤ ਨੂੰ ਸੁੰਤਲਣ ਤੇ ਸੁੰਦਰ ਨਹੀਂ ਬਣਾਇਆ ਜਾ ਸਕਦਾ। ਕੇਸ-ਹੀਣ ਜ਼ਿੰਦਗੀ ਨੂੰ ਸਥਾਈ ਰੂਪ ਵਿਚ 'ਪਤਿਤ' ਵੀ ਆਖਿਆ ਜਾਂਦਾ ਹੈ।

ਸਿੱਖ ਧਰਮ ਵਿੱਚ ਆਤਮਕ-ਉੱਚ-ਗਤੀ ਨੂੰ ਪ੍ਰਾਪਤ ਕਰਨ ਲਈ ਸ਼ਖ਼ਸ਼ੀਅਤ ਦੀ ਪਹਿਚਾਣ ਦਾ ਮੁੱਖ ਲੱਛਣ ਇਹ ਹੈ ਕਿ ਉਹ ਰੱਬੀ-ਹੁਕਮ ਵਿਚ ਕਿੰਨਾ ਕੁ ਇਕ-ਸੁਰ ਹੋਇਆ ਹੈ। ਕੇਸ-ਸਹਿਤ ਜ਼ਿੰਦਗੀ ਰੱਬੀ ਹੁਕਮ ਨੂੰ ਮੰਨਣ ਵਾਲੀ ਤੇ ਰੱਬੀ-ਮਾਰਗ ਉੱਤੇ ਚਲਣ ਵਾਲੀ ਜ਼ਿੰਦਗੀ ਹੈ। ਸੰਸਾਰ ਦੀ ਹਰ ਅਧਿਆਤਮਕ-ਸ਼ਖ਼ਸ਼ੀਅਤ ਭਾਵੇਂ ਉਹ ਕਿਸੇ ਮਜ਼ਹਬ ਜਾਂ ਮਤ ਨਾਲ ਸੰਬੰਧਿਤ ਹੈ, ਉਹ ਕੇਸ-ਸਹਿਤ ਜ਼ਿੰਦਗੀ ਵਿਚ ਗੌਰਵ ਮਹਿਸੂਸ ਕਰਦੀ ਹੈ। ਸਿੱਖ-ਧਰਮ ਤੇ ਗੁਰੂ-ਬਾਣੀ ਦਾ ਵੀ ਪ੍ਰਮੁੱਖ-ਉਦੇਸ਼ 'ਅਧਿਆਤਮਕ ਤੇ ਪੂਰਣ ਸ਼ਖ਼ਸ਼ੀਅਤ' ਦੀ ਸਿਰਜਣਾ ਕਰਨਾ ਹੀ ਹੈ। ਕੇਸਾਂ ਵਾਲੀ ਜ਼ਿੰਦਗੀ ਹੀ ਸਾਬਤ ਤੇ ਸੀਰਤ ਵਾਲੀ ਜ਼ਿੰਦਗੀ ਹੋ ਸਕਦੀ ਹੈ। ਸਾਬਤ ਤੇ ਸੀਰਤ ਵਾਲੀ ਸ਼ਕਲ-ਸੂਰਤ ਨੂੰ ਵਿਗਾੜਨਾ, ਇਹ ਬੁਰਾ ਤੇ ਬੇਈਮਾਨੀ ਦਾ ਕਰੱਤਵ ਹੈ। ਇਸੇ ਕਰਕੇ 'ਕੇਸਾਂ' ਨੂੰ ਧਾਰਮਿਕ-ਮੰਡਲ ਵਿਚ ਅਧਿਆਤਮਕ ਉੱਚਤਾ ਦਾ ਪ੍ਰਤੀਕ ਸਵੀਕਾਰ ਕੀਤਾ ਜਾਂਦਾ ਹੈ।

ਵਿਸ਼ੇਸ਼ ਤੌਰ ਤੇ ਸਿੱਖ ਧਰਮ ਵਿਚ ਕੇਸਾਂ ਨੂੰ ਆਪਣੇ ਕੌਮੀ ਸਭਿਆਚਾਰ ਦਾ ਗੌਰਵ-ਭਰਪੂਰ ਕਲਸ ਵੀ ਸਵੀਕਾਰ ਕੀਤਾ ਗਿਆ ਹੈ। ਕੋਈ ਵੀ ਮਨੁੱਖ ਭਾਵੇਂ ਉਹ ਕਿਸੇ ਮਜ਼ਹਬ ਜਾਂ ਮਤ ਦਾ ਅਨੁਸਾਰੀ ਹੋਵੇ, ਆਪਣੇ ਸਭਿਆਚਾਰਕ ਵਿਰਸੇ ਨਾਲ ਪਈ ਹੋਈ ਭਾਵਕ ਜਾਂ ਬੌਧਿਕ ਸਾਂਝ ਨੂੰ ਤੋੜ ਕੇ ਸੁਖੀ ਤੇ ਸ਼ਾਂਤ ਨਹੀਂ ਰਹਿ ਸਕਦਾ। ਕਿਸੇ ਸਿਖ ਦਾ ਕੇਸ ਕਤਲ ਕਰਵਾਉਣਾ ਤਾਂ ਇੰਜ ਜਾਪਦਾ ਹੈ, ਜਿਵੇਂ ਨਾ ਤਾਂ ਉਸ ਦੇ ਜੰਮਣ-ਮਰਨ ਦੇ ਸੰਸਕਾਰਾਂ ਤੇ ਵਾਤਾਵਰਣ ਵਿਚ ਕਿਸੇ ਨੇ ਸਿੱਖੀ ਖ਼ੁਸ਼ਬੂ ਨੂੰ ਖਿਲਾਰਿਆਂ ਹੈ, ਨਾ ਹੀ ਉਸ ਦੇ ਵਿਦਿਅਕ-ਮੰਦਰਾਂ ਵਿਚ ਕਿਸੇ ਨੇ ਉਸ ਨੂੰ ਆਪਣੇ ਕੌਮੀ ਤੇ ਗੌਰਵ-ਭਰਪੂਰ ਸਭਿਆਚਾਰ ਵਿਰਸੇ ਤੋਂ ਜਾਣੂ ਕਰਵਾਇਆ ਹੈ।

ਅਜੋਕੇ ਸਮੇਂ ਵਿਚ ਸਿਖ ਵਿਦਿਆਰਥੀਆਂ ਨੂੰ ਕੇਸਾਂ ਦੇ ਆਤਮਕ ਰਹੱਸ ਨੂੰ ਸਮਝਣ ਦੀ ਲੋੜ ਹੈ, ਕਿਉਂਕਿ ਕੇਸਾਂ ਦੀ ਜ਼ਿੰਦਗੀ ਵਿਚ ਹੀ ਸਿੱਖ ਵਿਦਿਆਰਥੀਆਂ ਦੀਆਂ ਉੱਤਮ ਸੰਭਾਵਨਾਵਾਂ ਲੁਕੀਆਂ ਪਈਆਂ ਹਨ। ਸਿੱਖ ਧਰਮ ਦਾ ਪ੍ਰਮੁੱਖ ਉਦੇਸ਼ ਸੁਭਾਵਕ, ਸੁਤੰਤਰ, ਸੰਪੂਰਣ, ਸੰਤੁਲਣ, ਸ਼ੁੱਧ ਤੇ ਸੁੰਦਰ ਸ਼ਖ਼ਸ਼ੀਅਤਾਂ ਦੀ ਉਸਾਰੀ ਕਰਨਾ ਹੈ। ਇਸੇ ਕਰਕੇ ਸਿੱਖ ਧਰਮ ਵਿਚ ਕੇਸਾਂ ਦਾ ਗੌਰਵ ਬੜੀ ਵਿਸ਼ੇਸ਼ਤਾ ਰੱਖਦਾ ਹੈ।

ਜਿਵੇਂ ਪ੍ਰਭੂ ਦੀ ਹੋਂਦ 'ਸੈਭੰ' (ਸੁਤੇ ਸਿੱਧ) ਤੇ ਸੁਤੰਤਰ ਹੈ, ਨਾ ਉਸ ਨੂੰ ਕੋਈ ਥਾਪਣ ਵਾਲਾ ਹੈ ਤੇ ਨਾ ਕਰਨ ਵਾਲਾ ਹੈ, ਕੁਝ ਇਸੇ ਤਰ੍ਹਾਂ ਕੇਸਾਂ ਦੀ ਹੋਂਦ ਵੀ ਆਪ-ਮੁਹਾਰੇ ਤੇ ਬਿਨਾਂ ਕਿਸੇ ਪ੍ਰਧੀਨਤਾ ਦੇ ਪੈਦਾ ਹੁੰਦੀ ਹੈ ਅਤੇ ਪ੍ਰਭੂ-ਆਗਿਆ ਵਿਚ ਹੀ ਕੇਸਾਂ ਦਾ ਨਾਸ਼ ਹੋਣਾ ਚਾਹੀਦਾ ਹੈ। ਜਦੋਂ ਖ਼ਾਲਸਾ-ਪੰਥ ਆਪਣੀ 'ਅਰਦਾਸ' ਵਿਚ 'ਕੇਸਾਂ ਸਵਾਸ਼ਾਂ ਨਾਲ ਨਿਬਹੈ' ਵਾਕ ਯਾਦ ਕਰਦਾ ਹੈ ਤਾਂ ਉਹ ਇੱਕ ਤਰ੍ਹਾਂ ਨਾਲ ਕੇਸਾਂ ਨੂੰ ਪ੍ਰਭੂ-ਆਗਿਆ ਦਾ ਬਿੰਬ ਸਮਝ ਕੇ ਹੀ ਉਹਨਾਂ ਨਾਲ ਆਪਣੇ ਸਵਾਸਾਂ ਦੇ ਭਾਵਾਂ ਤੇ ਅਹਿਸਾਸਾਂ ਨੂੰ ਮਿਥ ਕੇ ਇਹ ਬੇਨਤੀ ਪਰਗਟ ਕਰ ਰਿਹਾ ਹੁੰਦਾ ਹੈ ਕਿ 'ਹੇ ਪ੍ਰਭੂ ਆਪਣੇ ਹੁਕਮ ਵਿਚ ਰੱਖੀਂ।'

ਗੁਰੂਆਂ, ਭਗਤਾਂ ਤੇ ਅਧਿਆਤਮਕ ਮਹਾਂ ਪੁਰਸ਼ਾਂ ਦੀ ਜ਼ਿੰਦਗੀ ਵਿਚ ਇਕਾਗਰਤਾ ਹੀ ਪ੍ਰਧਾਨ ਹੁੰਦੀ ਹੈ। ਇਕਾਗਰਤਾ ਕਿਸੇ ਬੰਧੇਜ ਨਾਲ ਪ੍ਰਾਪਤ ਨਹੀਂ, ਇਹ ਤਾਂ ਮਨ ਦੀਆਂ ਖ਼ਾਹਸ਼ਾਂ ਨੂੰ ਕਿਸੇ ਸੰਤੋਖ



www.AKJ.Org

ਵਿਚ ਰੱਖ ਲੈਣ ਨਾਲ ਹੀ ਪ੍ਰਾਪਤ ਹੁੰਦੀ ਹੈ। 'ਕੇਸਾਂ' ਦੀ ਸੁਭਾਵਕ ਤੇ ਸੁਤੰਤਰ ਹੋਂਦ ਮੁਨੱਖ ਨੂੰ ਇੱਕ ਕੁਦਰਤੀ ਜ਼ਿੰਦਗੀ ਜੀਣ ਵਾਸਤੇ ਪ੍ਰੇਰਦੀ ਹੈ ਭਾਵੇਂ ਉਹ ਸਾਦਗੀ ਨਾਲ ਭਰਪੂਰ ਹੈ ਤੇ ਭਾਵੇਂ ਖ਼ੂਬਸੂਰਤੀ ਨਾਲ ਭਰਪੂਰ ਹੈ। 'ਕੇਸ' ਸਾਦਗੀ ਦਾ ਨਿਸ਼ਾਨ ਤੇ ਖ਼ੂਬਸੂਰਤੀ ਦਾ ਪੈਗਾਮ ਵੀ ਹਨ। ਕੇਸਾਂ ਦੀ ਹੋਂਦ ਸੁਭਾਵਕ ਤੇ ਸੁਤੰਤਰ ਹੈ। ਬਾਹਰੋਂ ਇਹ ਸਾਦਗੀ ਦੇ ਪ੍ਰਤੀਕ ਹਨ, ਅੰਤਰ-ਆਤਮਕ ਪੱਧਰ ਉੱਤੇ ਇਹ ਮਨੁੱਖ ਨੂੰ ਸੁੰਦਰਤਾ ਪ੍ਰਦਾਨ ਕਰਦੇ ਹਨ। ਪ੍ਰਭੂ ਵਲੋਂ ਮਿਲੀ ਅਧਿਆਤਮਕ ਜ਼ਿੰਦਗੀ ਦੀ ਪ੍ਰਾਪਤੀ ਦਾ ਸੰਦੇਸ਼ ਹਨ। ਗੁਰੂ ਗੋਬਿੰਦ ਸਿੰਘ ਜੀ ਜਦੋਂ ਕੇਸਾਧਾਰੀ ਖ਼ਾਲਸੇ ਨੂੰ ਪਾਰਬ੍ਰਹਮ ਸਾਖੀ ਕਹਿੰਦੇ ਹਨ, ਤਾਂ ਉਹਨਾਂ ਨੂੰ ਪ੍ਰਭੂ-ਬਖ਼ਸ਼ਸ਼ ਦਾ ਅਧਿਕਾਰੀ ਕਹਿਣ ਵਿਚ ਇੱਕ ਤੱਤ ਇਹ ਕੇਸ ਹਨ।

'ਕੇਸ' ਕਟਾਣਾ ਅੱਜ ਫ਼ੈਸ਼ਨ ਹੈ। ਕੇਸਾਂ ਦਾ ਕਤਲ ਭਾਵੇਂ ਸਿਰ ਤੋਂ ਹੋਵੇ, ਭਾਵੇਂ ਦਾੜ੍ਹੀ ਜਾਂ ਹੋਰ ਸਰੀਰ ਦੇ ਅੰਗਾਂ ਤੋਂ ਹੋਵੇ। ਸਰੀਰ ਦੇ ਕਿਸੇ ਅੰਗ ਤੋਂ ਕੇਸਾਂ ਦਾ ਕਤਲ ਕਰਨਾ, ਇਹ ਕੇਸਾਂ ਦੀ ਬੇਅਦਬੀ ਦੇ ਤੁਲ ਹੈ। ਕੇਸਾਂ ਦੀ ਬੇਅਦਬੀ ਕਰਨੀ ਇਹ ਕਿਸੇ ਸੁਭਾਵਕ, ਸੁਤੰਤਰ, ਸ਼ੁੱਧ, ਸੰਤੁਲਣ ਤੇ ਸੁੰਦਰ ਵਿਅਕਤੀ ਦਾ ਕਰਤੱਵ ਨਹੀਂ ਹੋ ਸਕਦਾ।

ਕੇਸਾਂ ਨੂੰ ਕਟਾ ਕੇ, ਆਪਣੇ ਆਪ ਨੂੰ ਫ਼ੈਸ਼ਨ-ਪ੍ਰਸਤੀ ਦਾ ਪ੍ਰਤੀਨਿਧ ਬਨਾਣਾ,ਇਹ ਫ਼ੈਸ਼ਨ ਪ੍ਰਸਤੀ ਨਹੀਂ, ਬਲਕਿ ਆਪਣੇ ਆਪ ਦੀ, ਆਪਣੇ ਸਭਿਆਚਾਰ ਤੇ ਸੰਸਕ੍ਰਿਤੀ ਦੀ ਘਾਤਕ-ਪ੍ਰਸਤੀ ਹੈ। ਫ਼ੈਸ਼ਨ ਉਹ ਜਿਹੜਾ ਮਨੁੱਖ ਸ਼ਖਸੀਅਤ ਨੂੰ ਸਾਦਾ, ਸੰਤੁਲਣ, ਸੁਹਿਰਦ ਤੇ ਸੁੰਦਰ ਬਣਾਏ। ਫ਼ੈਸ਼ਨ ਕਰਨਾ ਵੀ ਇੱਕ ਦ੍ਰਿਸ਼ਟੀ ਤੋਂ ਆਪਣੇ ਸਮੇਂ ਦੀਆਂ ਰੀਤਾਂ ਤੇ ਰਸਮਾਂ ਦੀ ਪਾਲਣਾ ਕਰਨਾ ਹੀ ਹੈ। ਅਧਿਆਤਮਕ ਮਹਾਂ ਪੁਰਸ਼ਾਂ ਨੇ ਵਿਸ਼ੇਸ਼ ਤੌਰ ਤੇ ਗੁਰੂ ਸ਼ਖਸੀਆਂ ਨੇ ਰੀਤਾਂ-ਰਸਮਾਂ ਦੇ ਬਾਹਰਮੁਖੀ ਭਰਮ ਤੇ ਪਾਖੰਡ ਨੂੰ ਉੱਕਾ ਹੀ ਸਵੀਕਾਰ ਨਹੀਂ ਕੀਤਾ। ਕੇਸਾਂ ਦਾ ਸੰਬੰਧ ਮਨੁੱਖੀ ਮਨ ਦੀਆਂ ਅੰਤਰੀਵੀ ਤੇ ਆਤਮਕ ਕੀਮਤਾਂ ਨਾਲ ਹੈ। ਕੇਸ ਮਨੁਖ ਦੀਆਂ ਆਤਮਕ ਕੀਮਤਾਂ ਨਾਲ ਹੈ। ਕੇਸ ਮਨੁੱਖ ਦੀਆਂ ਆਤਕਮ ਤੇ ਸਭਿਆਚਾਰਕ ਕੀਮਤਾਂ ਦਾ ਅੰਗ ਵੀ ਹਨ। ਇਹਨਾਂ ਦਾ ਕਤਲ ਕਰਨਾ ਆਪਣੇ ਆਤਮਕ ਤੇ ਸਭਿਆਚਾਰਕ ਅੰਗ ਦਾ ਕਤਲ ਕਰਨਾ ਹੈ।

'ਕੇਸਾਂ' ਦੀ ਬੇਅਦਬੀ ਫ਼ੈਸ਼ਨ-ਪ੍ਰਸਤੀ ਦੀ ਦੌੜ ਦਾ ਹੀ ਫਲ ਹੈ। ਮੇਰਾ ਵਿਸ਼ਵਾਸ ਹੈ ਕਿ ਆਉਣ ਵਾਲੇ ਸਮੇਂ ਵਿਚ ਮਨੁੱਖਤਾ ਦਾ ਬਹੁਤਾ ਭਾਗ ਕੇਸਾਧਾਰੀ ਬਣ ਜਾਏਗਾ, ਕਿਉਂਕਿ ਕੇਸਾਂ ਦੀ ਉਪਜ-ਸਦੀਵੀ ਤੇ ਇੱਕ ਅਮੁਕ ਸੋਮੇ ਵਾਂਗ ਹੈ। ਇਸ ਅਮੁਕ ਉਪਜ-ਸੋਮੇ ਨੂੰ ਬੰਦ ਕਰਨਾ ਵਿਗਿਆਨੀਆਂ ਜਾਂ ਫ਼ੈਸ਼ਨ-ਪ੍ਰਸਤੀ ਵਾਸਤੇ ਬੜਾ ਮੁਸ਼ਕਲ ਹੈ। ਨਾਲੇ ਜਿਉਂ ਜਿਉਂ ਸਮਾਂ ਬੀਤ ਰਿਹਾ ਹੈ ਤਿਉਂ ਤਿਉਂ ਮਨੁਖ ਮਾਨਸਿਕ ਤੇ ਬੌਧਿਕ ਚੇਤੰਨਤਾ-ਧਾਰੀ ਬਣਦਾ ਜਾ ਰਿਹਾ ਹੈ। ਅਜਿਹੀ ਅਵਸਥਾ ਵਿਚ ਕੇਸਾਂ ਦੀ ਸੁਭਾਵਕ, ਸੁਤੰਤਰ ਤੇ ਸੁੰਦਰ ਉਪਜ ਨੂੰ ਸਵੀਕਾਰ ਕਰਨਾ ਮਨੁੱਖ ਵਾਸਤੇ ਜ਼ਰੂਰੀ ਹੈ।

■■■■■■■■■■■

(ਪੰਨਾ ੨੧ ਦਾ ਬਾਕੀ......

ਹੋਵੇ। ਜਗ੍ਹਾਂ ਭੀ ਐਸੀ ਹੋਵੇ ਕਿ ਕੱਪੜੇ ਦੇ ਵੱਟ ਵਿਚ ਫਰਕ ਨਾ ਪਵੇ। ਵੰਨ-ਸੁਵਨੇ ਰੁਮਾਲਾਂ ਨਾਲ ਘੜੀ-ਮੁੜੀ ਮੂੰਹ ਦਾ ਪਸੀਨਾ ਪੂੰਜਣਾ ਪੈਂਦਾ ਹੈ। ਸੰਗਤ ਵਿਚ ਰੌਲੇ ਦੀ ਪਰਵਾਹ ਨਹੀਂ ਹੈ। ਬੱਚਾ ਰੋਵੇ ਤੇ ਕੌਣ ਬਾਹਰ ਜਾ ਕੇ ਵਰਚਾਣ ਦੀ ਖੇਚਲ ਕਰੇ ! ਇਹ ਵੇਖ ਕੇ ਗਰੀਬ ਭੈਣਾਂ ਨੂੰ ਕਿਉਂ ਨਾ ਇਸ ਫ਼ੈਸ਼ਨ ਦੇ ਹੜ੍ਹ ਵਿਚ ਰੁੜ੍ਹਨ ਦਾ ਚਾਅ ਵਿਆਪੇ ? ਅਰਥਾਤ ਗੁਰਦੁਆਰੇ ਦੇ ਜ਼ਰੀਏ ਸਾਦਗੀ ਦੇ ਥਾਂ ਫ਼ੈਸ਼ਨ ਦਾ ਪ੍ਰਭਾਵ ਉਪਜ ਰਿਹਾ ਹੈ। ਸਿਨੇਮਾ ਦੀ ਸੰਗਤ ਦਾ ਪਾਸ ਬਹੁਤ ਹੁੰਦਾ। ਉੱਥੇ ਬੱਚੇ ਨੂੰ ਉਚੀ ਆਵਾਜ਼ ਨਾਲ ਕੁਸਕਣ ਦੀ ਵੀ ਖੁਲ੍ਹ ਨਹੀਂ ਦਈਦੀ, ਪਰ ਗੁਰਦੁਆਰੇ ਵਿਚ ਕੋਈ ਪਰਵਾਹ ਨਹੀਂ ਹੈ। ਨਾਟਕ ਸਿਨੇਮਾ ਵੇਖ ਕੇ ਉਸ ਦੀ ਨਕਲ ਦਾ ਚਾਅ ਵੱਧ ਰਿਹਾ ਹੈ। ਸੁਭਾਵ ਵਿਗੜ ਰਹੇ ਹਨ। ਕਸਬਿਆਂ ਤੇ ਸ਼ਹਿਰਾਂ ਵਿੱਚ ਇਹ ਵੀ ਵਧ ਰਹੀ ਹੈ। ਪਰ ਕੌਣ ਕਿਸੇ ਨੂੰ ਟੋਕ ਸਕੇ ?

ਗੁਰਦੁਆਰਿਆਂ ਦੀ ਸੰਗਤ ਦੇ ਅਦਬ ਵਿਚ ਫ਼ਰਕ ਪੈ ਰਿਹਾ ਹੈ। ਅਕਾਲੀ ਫੂਲਾ ਸਿੰਘ ਜੈਸੇ ਬੇਗਰਜ਼ ਲੀਡਰ ਹੁਣ ਨਹੀਂ ਲੱਭਦੇ। "ਸਾਧ ਸੰਗਤ ਮਿਲ ਨਾਮ ਵਖਾਣੈ" ਦੀ ਥਾਂ ਅੱਜ ਅਮਨ ਲਈ ੧੪੪ ਦਫ਼ਾ ਵੀ ਗੁਰਦੁਆਰਿਆਂ ਵਿੱਚ ਵੇਖੀ ਗਈ ਹੈ। ਇਹ ਕਿਉਂ ਹੈ ? ਓਹਾ :-

"ਅੰਧਾ ਆਗੂ ਜੇ ਥੀਐ ਸਭ ਸਾਥ ਮੁਹਾਏ।।"

■■■■■■■■■■■



www.AKJ.Org

# The Sikh Code of Conduct

(Dr. Gurbakhsh Singh)

Sikhism is a pious way of life for getting peace from service to society. Some important principles of the Sikh faith are described below:

**(1) Recitation of God's Name, or Meditation (Nam Japna):** A Sikh is directed to concentrate his mind on God, to reflect on God's virtues such as love, benevolence, and kindness, and to inculcate them into his own character. This can be done by reading Gurbani, listening to the singing of the hymns from Gurbani or sitting at a quiet place and attentively thinking of Him alone. By constant thinking of the creator, a Sikh slowly develops a feeling of affection and love for all humans, who are "children" of the same father, God. The meditator does not simply talk about but actually feels the brotherhood of humanity. The thought of being a member of this human family becomes stronger and stronger and soon this fact is reflected in the daily behaviour of the devotee. This gives him immense pleasure and satisfaction because he can "see" the presence of God in every human being.

This achievement or realization changes the thinking and behaviour of person. Instead of earning more money hurting others, he enjoys utilizing his life serving needy persons. He can not think of doing any act to harm a person,because he "sees" the living god inside every huaman being. This is the purified stage of the mind. This is why Nam is given the highest priority in the Sikh faith.

**(2) Honest (Truthful) Living - (Dharm Di Kirt):** A Sikh is advised to earn his livelihood by the sweat of his brow. He is not supposed to be a parasite on society. A person who does not earn his livelihood may fall victim of hunger. An empty stomach may not make a person morally strong because when starving, he is capable of bartering his religion, his morality and his self-respect to fill his stomach. A non-earner becomes dependent on others and because of his obligations, he is influenced to think and act as his bread-giver expects. Such a person cannot think or act independently.

Furthermore, a person's earnings should come from honest means, even if they are not as large as they might be. If a person is dishonest, and takes what is not justly his, these earnings are declared by the Guru as the "Blood of the poor". The Guru explains that just as beef is prohibited to a Hindu and pork to a Muslim, so dishonest earnings are prohibited to a Sikh.

There is always a great temptation to live a comfortable life by earning money through unfair means. The Guru wants good persons to resist this desire by keeping in mind that such earnings pollute the mind in the same way that blood stains our clothes. Only honest earnings are like "milk" and hence "sweet and tasty".

**(3) Sharing with others (Vand Ke Chhakna):** The recitation of Nam helps a person to realize that he is a member of the human brotherhood. This thought creates in him a feeling of Kindness and love for those who need his help and consequently he enjoys sharing his earnings with those who have not been as lucky as he is in meeting all their needs. Guru adivses him that it is his duty to share his earnings with needy persons, just as it is a parent's duty to supply his child with clothing and other articles this shering must be done from the sense of responsibility, and not from pride. A person can judge how near to God he is by sharing his bread with the needy. If he can do so without feeling proud that he has done someone a favour, then he is on the right path and has reached near God.

Some people exhibit the fact that they are contributing to the needy, and feel proud of their image as "benefactors". It is this pride (ahankar) which denies them the spiritual benefits obtained by a person who keeps his humility while he helps people. Giving charity ostentatiously will push someone higher on the social ladder, but will inflate his pride so that his mind is constantly irritated, and allowed no peace.

**(4) Worshipping the Lord of Eternity (Puja Akal Ki):** The Guru advises people to worship



www.AKJ.Org

the one almighty God, and not concern themselves with the worshipping of the forces of the universe, or of hypothetical powers which it is falsely hoped will mediate with God. People have been created and are protected by the Creator and not by his creations. It is the Creator that they should worship.

Since Hinduism encourages Hindus to venerate many different mediators, it differs from Sikhism on a fundametal issue. Because of this difference Sikhism can in on way be considered a sect of Hindusim, however, some people still claim to contrary.

How does a Sikh worship God? He does so by thinking of Him and having sincere love for all humanity, in which He resides. For Sikhs, God does not reside in the seventh or fourteenth sky, or any other place far from the earth. God lives in the hearts of humans. There is no place without Him. He expresses Himself through His creation. We can "See" Him working in every phenomenon of nature. Worship of God in other terms means meditaing on Him.

**(5) Understanding Gurbani (Parcha Shabad Ka):** A sikh should regularly read and understand Gurbani in the Guru Granth Sahib, which contains works by many authors.

Reading Gurbani teaches a Sikh what God's virtues are and how they are revealed to him. Local tales of ancient mythological incidents are used to illustrate God's message. The reader feels encouraged after knowing that many weak, poor, and even sinnig people realized God or became awere of His presence within them the moment they begin to love and serve humanity. The daily recitation of certain hymns reminds man repeatedly of the pitfalls such as egotism, lust, attachment, and greed, which can trap him. The hymns encourage him to develop good character by reminding him that these virtues bring peace to him and his associates.

A Sikh accepts the spoken word or the Guru as his guide. He regards the Adi Guru Granth Sahib as his living Guru because he can obtain the guidance he needs from Gurbani.

**(6) Appreciating the Sikh Rahit (Didar Khalse Ka) :** A Sikh does not worship pictures or idols of God or the Guru. Neither does he honour any living individual as the Guru. Rather, he respects the decision of the corporate body of the Singhs, the Khalsa, since the tenth Guru bestowed the Guruship on this body.

**(7) Working for the welfare of humanity:** The importance that Sikhs attach to working for others ca be seen in the fact that a Sikh parys aloud at least twice a day : "O God, in your name shower your blessings on everyone.." In other words, Sikhs do not pray for Sikhs alone but for the whole brotherhood of humanity.

This belief in the oneness of humanity, and the insistance on working for the welfare of all people whether Sikhs or not, even at the cost of sacrificing one's life, is what sets Sikhism apart from other religions. In a world which is torn by strife among different beliefs, Sikhism indeed shines brightly. Sikhs treat all people with equal care and respect. In gurdwaras all persons, whether Hindu, Muslim, Christian, Sikh or of any other belief, are offered free meals and the other gurdwara facilities. A Sikh has no ill will against any person, not even against enemies. There are numerous exaples of Sikhs helping an enemy in need. Bhai Kanahya a water carrier of the Guru at Anandpur Sahib, used to give water and first-aid to all persons wounded in the battle, Sikh and non-Sikh alike. It will be interesting for the Red Cross organizations to know that three centuries ago Guru Gobind Singh made arrangements to take care and help allwounded in a battle, whether his own men or his opponents. It has been expalined in the discussion of Nam Japna, Sikhs respect all people as part of the same humanity and the same God. Men may appear different because of such things as language, colour, figure, social habits but these variations are superficial and the result of the different regions and climate in which one is born and reared. Internally, we all have the same spirit. Just as gold can be made into ornaments of different designs but remains gold, so people's outward appearances can be changed but still they remain human beings created by the same God.



www.AKJ.Org

# ਗੁਰੂ ਗੋਬਿੰਦ ਸਿੰਘ ਜੀ ਦਾ ਸੰਖੇਪ ਜੀਵਨ ਬਿਰਤਾਂਤ

ਡਾ: ਭਗਤ ਸਿੰਘ

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ, 1666 ਈ: ਨੂੰ ਪਟਨਾ ਵਿਚ ਹੋਇਆ ਸੀ। ਉਹ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦੀ ਇਕੋ ਇਕ ਸੰਤਾਨ ਸਨ। ਉਨ੍ਹਾਂ ਦੇ ਜਨਮ ਸਮੇਂ ਉਨ੍ਹਾਂ ਦੇ ਪਿਤਾ ਜੀ ਢਾਕੇ ਵਿਚ ਗਏ ਹੋਏ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਪਹਿਲੇ ਪੰਜ ਸਾਲ ਪਟਨੇ ਵਿਚ ਹੀ ਲੰਘਾਏ। ਉਨ੍ਹਾਂ ਦੇ ਮੁਢਲੇ ਸਾਲਾਂ ਤੋਂ ਹੀ ਇਕ ਨਰੋਏ ਤੇ ਸੁਤੰਤਰ ਜੀਵਨ ਦੀ ਸੂਚਨਾ ਮਿਲਦੀ ਹੈ। ਫਰਵਰੀ 1671 ਈ. ਵਿੱਚ (ਗੁਰੂ) ਗੋਬਿੰਦ ਸਿੰਘ ਜੀ ਆਪਣੇ ਮਾਤਾ ਪਿਤਾ ਸਮੇਤ ਅਨੰਦਪੁਰ ਆ ਗਏ ਜਿਥੇ ਉਨ੍ਹਾਂ ਦੀ ਕਿਤਾਬੀ ਅਤੇ ਸ਼ਸਤਰ ਵਿਦਿਆ ਦਾ ਪ੍ਰਬੰਧ ਕੀਤਾ ਗਿਆ। 11 ਨਵੰਬਰ 1675 ਈ. ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਜਲਦੀ ਪਿਛੋਂ ਉਨ੍ਹਾਂ ਨੂੰ ਗੁਰ-ਗੱਦੀ ਪ੍ਰਦਾਨ ਕੀਤੀ ਗਈ। ਪਿਤਾ ਜੀ ਦੀ ਸ਼ਹੀਦੀ ਤੋਂ ਬਾਅਦ ਨੌਜਵਾਨ ਗੁਰੂ ਗੋਬਿੰਦ ਸਿੰਘ ਜੀ ਲਈ ਕਈ ਗੰਭੀਰ ਸਮੱਸਿਆਵਾਂ ਸਾਹਮਣੇ ਆ ਖੜੀਆਂ ਹੋਈਆਂ ਸਨ। ਉਸ ਵੇਲੇ ਭਾਰਤ ਉਤੇ ਇਕ ਕੱਟੜ ਸੁੰਨੀ ਮੁਸਲਮਾਨ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਖਾਫ਼ੀ ਖਾਂ ਅਨੁਸਾਰ "ਔਰੰਗਜ਼ੇਬ ਨੇ ਹੁਕਮ ਦਿਤਾ ਸੀ ਕਿ ਸਿਖਾਂ ਦੇ ਗੁਰਦਵਾਰੇ ਢਾਹ ਦਿੱਤੇ ਜਾਣ ਅਤੇ ਗੁਰੂ ਦੇ ਏਜੰਟਾਂ (ਮਸੰਦਾਂ) ਨੂੰ ਮੋਮਨਾਂ ਤੋਂ ਦਸਵੰਧ ਅਤੇ ਭੇਟਾ ਇਕੱਠੀ ਕਰਨ ਦੇ ਦੋਸ਼ ਵਿਚ ਸ਼ਹਿਰਾਂ ਤੋਂ ਬਾਹਰ ਕੱਢ ਦਿਤਾ ਜਾਏ।" ਦੂਜੇ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਤੀਜੇ ਗੁਰੂ ਜੀ ਦੇ ਆਪਣੇ ਕਰੀਬੀ ਸੰਬੰਧੀ ਜਿਵੇਂ ਮੀਣੇ, ਧੀਰਮਲੀਏ ਅਤੇ ਰਾਮ ਰਾਈਏ ਵੀ ਗੁਰੂ ਸਾਹਿਬ ਦੇ ਜਾਨੀ ਦੁਸ਼ਮਣ ਬਣੇ ਬੈਠੇ ਸਨ ਅਤੇ ਵਾਰ ਵਾਰ ਗੁਰੂ ਸਾਹਿਬ ਦੇ ਖਿਲਾਫ਼ ਰਾਜ ਦਰਬਾਰ ਵਿੱਚ ਸ਼ਿਕਾਇਤਾਂ ਕਰਦੇ ਰਹਿੰਦੇ ਸਨ। ਇਹ ਲੋਕ ਬਾਦਸ਼ਾਹ ਨੂੰ ਸਿਖਾਂ ਵਿਰੁੱਧ ਕਰੜੀ ਕਾਰਵਾਈ ਕਰਨ ਦੀ ਪ੍ਰੇਰਨਾ ਦੇਣ ਵਾਲੇ ਸਨ। ਚੌਥੇ, ਸਿਖ ਮਤ ਦੇ ਉਸਰਈਏ ਮਸੰਦ ਆਚਰਣ-ਹੀਣ ਅਤੇ ਦਗੇਬਾਜ਼ ਬਣ ਗਏ ਸਨ। ਉਨ੍ਹਾਂ ਉਤੇ ਨਾ ਗੁਰੂ ਸਾਹਿਬ ਦਾ ਕੋਈ ਇਤਬਾਰ ਰਿਹਾ ਸੀ ਅਤੇ ਨਾ ਹੀ ਗੁਰੂ ਸਾਹਿਬ ਦੇ ਮਿਸ਼ਨ ਵਿਚ ਕਿਸੇ ਤਰ੍ਹਾਂ ਦੀ ਮਦਦ ਕਰ ਸਕਦੇ ਸਨ। ਪੰਜਵੇਂ, ਚਿਰਾਂ ਤੋਂ ਹਕੂਮਤ ਦੇ ਜ਼ੁਲਮ ਥੱਲੇ ਰਹਿਣ ਕਰਕੇ ਪੰਜਾਬ ਦੀ ਹਿੰਦੂ ਆਤਮਾ ਨਿਰਬਲ ਅਤੇ ਨਿਰਜਿੰਦ ਹੋ ਚੁੱਕੀ ਸੀ। ਲੋਕ-ਰਾਏ ਨਾ ਕੋਈ ਹੈ ਸੀ ਤੇ ਨਾ ਮੁਗਲ ਸਰਕਾਰ ਵਲੋਂ ਅਜਿਹੀ ਰਾਏ ਬਣਨ ਦਿੱਤੀ ਜਾਂਦੀ ਸੀ। ਅਜੇਹੀਆਂ ਭਾਰੀ ਰੁਕਾਵਟਾਂ ਤੇ ਮੁਸ਼ਕਿਲਾਂ ਦੇ ਸਾਹਮਣੇ ਕੋਮਲ ਉਮਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਖੜੋਤਾ ਵੇਖਿਆ।

ਭਾਵੇਂ ਗੁਰੂ ਸਾਹਿਬ ਦੇ ਸਾਹਮਣੇ ਕਈ ਨਵੀਆਂ ਤੇ ਵੱਡੀਆਂ ਮੁਸ਼ਕਲਾਂ ਦੇ ਮੀਲ-ਪੱਥਰ ਗੱਡੇ ਦਿਸ ਰਹੇ ਸਨ ਪਰ ਫਿਰ ਵੀ ਕੁਝ ਹਾਲਾਤ ਸੁਖਾਵੇਂ ਸਨ। ਪਹਿਲਾ, ਗੁਰੂ ਜੀ ਦੇ ਇਸ਼ਾਰੇ ਤੇ ਹਜ਼ਾਰਾਂ ਸਿਖ ਮਰ ਮਿਟਣ ਲਈ ਉਨ੍ਹਾਂ ਦੇ ਪਿਛੇ ਆ ਖੜੇ ਹੋਏ ਸਨ। ਦੂਜਾ, ਮੁਗਲ ਬਾਦਸ਼ਾਹ ਪੰਜਾਬੋਂ ਦੂਰ ਦੱਖਣ ਦੀਆਂ ਲੜਾਈਆਂ ਵਿਚ ਫ਼ਸਿਆ ਹੋਇਆ ਸੀ ਜਿਸ ਕਰਕੇ ਭਾਰੀ ਫੌਜ ਲੈ ਕੇ ਉਹ ਪੰਜਾਬ ਵਲ ਨਹੀਂ ਸੀ ਆ ਸਕਦਾ। ਤੀਜਾ ਅਨੰਦਪੁਰ ਦੇ ਇਰਦ ਗਿਰਦ ਦੇ ਪਹਾੜੀ ਰਾਜਿਆਂ ਵਿਚਕਾਰ ਅਕਸਰ ਅਣਬਣ ਰਹਿੰਦੀ ਸੀ। ਚੌਥਾ, ਬਹੁਤ ਸਾਰੇ ਮੁਸਲਮਾਨ, ਜੋ ਗੁਰੂ ਸਾਹਿਬ ਦੇ ਕਦਰਦਾਨ ਸਨ ਉਨ੍ਹਾਂ ਦੀ ਹਮਾਇਤ ਕਰ ਰਹੇ ਸਨ। ਪੰਜਵਾਂ, ਪੰਥ ਦੀ ਉਸਾਰੀ ਲਈ ਗੁਰੂ ਸਾਹਿਬ ਨੂੰ ਇਕ ਬਹੁਤ ਕੀਮਤੀ ਵਿਰਸਾ ਮਿਲਿਆ ਸੀ ਜੋ ਉਨ੍ਹਾਂ ਦੇ ਸਾਹਮਣੇ ਇਕ ਚਾਨਣ ਮੁਨਾਰੇ ਦਾ ਕੰਮ ਕਰਦਾ ਸੀ।

ਭਾਵੇਂ ਗੁਰੂ ਸਾਹਿਬ ਮੁਗਲਾਂ ਜਾਂ ਪਹਾੜੀ ਰਾਜਿਆਂ ਦੇ ਖਿਲਾਫ ਕੋਈ ਸੰਘਰਸ਼ ਨਹੀਂ ਸੀ ਛੇੜਨਾ ਚਾਹੁੰਦੇ ਪਰ ਉਹ ਉਨ੍ਹਾਂ ਦੀਆਂ ਵਿਰੋਧੀ ਕਾਰਵਾਈਆਂ ਅਤੇ ਸਾਜ਼ਿਸ਼ਾਂ ਦੇ ਸਨਮੁਖ ਆਪਣੇ ਆਪ ਨੂੰ ਸੈਨਿਕ ਤੌਰ ਤੇ ਤਕੜਾ ਕਰਦੇ ਰਹੇ। ਕਹਿਲੂਰ ਦੇ ਰਾਜਾ ਭੀਮ ਚੰਦ ਨਾਲ ਵੀ ਸੰਬੰਧ ਸੁਖਾਵੇਂ ਨਾ ਰਹੇ। ਉਹ ਗੁਰੂ ਸਾਹਿਬ ਨੂੰ ਸ਼ਰਧਾਲੂਆਂ ਵਲੋਂ ਮਿਲੀਆਂ ਕੁਝ ਭੇਟਾਵਾਂ ਹੜੱਪ ਕਰਨੀਆਂ ਚਾਹੁੰਦਾ ਸੀ ਪਰ ਗੁਰੂ ਸਾਹਿਬ ਉਸ ਦੀਆਂ ਚਾਲਾਂ ਵਿਚ ਨਹੀਂ ਆਏ। ਪਹਾੜੀ ਰਾਜਿਆਂ ਨੂੰ ਕੁਝ ਅਜਿਹਾ ਨਿਰਮੂਲ ਭੈਅ ਪੈਦਾ ਹੋ ਰਿਹਾ ਸੀ ਕਿ ਗੁਰੂ ਕਿਤੇ ਉਨਾਂ ਦੀਆਂ ਰਿਆਸਤਾਂ ਉਤੇ ਕਬਜ਼ਾ ਹੀ ਨਾ ਕਰ ਲੈਣ । ਗੁਰੂ ਸਾਹਿਬ ਪਹਾੜੀਆਂ ਨੂੰ ਮੂਰਤੀ-ਪੂਜਾ ਛਡ ਕੇ ਸਿਖੀ ਦੇ ਰਸਤੇ ਉਤੇ ਆਉਣ ਲਈ ਪ੍ਰੇਰਨਾ ਦੇ ਰਹੇ ਸਨ। ਇਹ ਗੱਲ ਵੀ ਪਹਾੜੀ ਰਾਜਿਆਂ ਨੂੰ ਬਹੁਤ ਚੁਭਦੀ ਸੀ।

ਜਿਸ ਵੇਲੇ ਬਿਲਾਸਪੁਰ ਜਾਂ ਕਹਿਲੂਰ ਦਾ ਰਾਜਾ ਭੀਮ ਚੰਦ ਗੁਰੂ ,ਸਾਹਿਬ ਵਲ ਵੈਰ ਦੀ ਭਾਵਨਾ ਰਖਣ ਲਗ ਪਿਆ ਸੀ ਤਾਂ ਉਹਨਾਂ ਦਿਨਾਂ ਵਿਚ ਹੀ ਨਾਹਣ ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਗੁਰੂ ਜੀ ਨੂੰ ਬੇਨਤੀ ਕੀਤੀ



www.AKJ.Org

ਕਿ ਉਹ ਉਸ ਦੇ ਇਲਾਕੇ ਦੀ ਯਾਤਰਾ ਕਰਨ। ਗੁਰੂ ਜੀ ਨੇ ਇਹ ਸੱਦਾ ਪਰਵਾਨ ਕਰਨਾ ਮੁਨਾਸਿਬ ਸਮਝਿਆ। ਉਹ ਪਾਉਂਟੇ ਦੇ ਅਸਥਾਨ ਤੇ ਜਾ ਟਿਕੇ ਤੇ ਉਥੇ ਆਪਣੀ ਸੁਰਖਿਆ ਦੇ ਪੱਖ ਤੋਂ ਇਕ ਕਿਲ੍ਹਾ ਵੀ ਬਣਾ ਲਿਆ । ਇਉ ਜਾਪਦਾ ਹੈ ਕਿਪਾਉਂਟਾ ਸਾਹਿਬ ਵਿਚ ਗੁਰੂ ਜੀ ਕੋਈ ਤਿੰਨਾ ਕੁ ਸਾਲ ਰਹੇ। ਉਥੇ ਉਹ ਆਪਣੇ ਸਾਹਿਤਕ ਦਰਬਾਰ ਲਾਉਂਦੇ ਰਹੇ ਤੇ ਆਪਣੀਆਂ ਸੈਨਿਕ ਤਿਆਰੀਆਂ ਵੀ ਕਰਦੇ ਰਹੇ।

1688 ਈ: ਵਿਚ ਸ੍ਰੀ ਨਗਰ (ਗੜਵਾਲ ) ਦੇ ਫਤਿਹ ਸ਼ਾਹ ਦੀ ਧੀ ਨਾਲ ਭੀਮ ਚੰਦ ਬਿਲਾਸਪੁਰੀਏ ਦੇ ਪੁਤਰ ਅਜਮੇਰ ਸਿੰਘ ਦੇ ਵਿਆਹ ਤੋਂ ਬਾਅਦ ਵਾਪਸੀ ਤੇ ਪਹਾੜੀ ਰਾਜਿਆਂ ਨੇ ਪਾਉਂਟੇ ਵਿਚ ਗੁਰੂ ਸਾਹਿਬ ਤੇ ਹੱਲਾ ਬੋਲ ਦਿਤਾ। ਭੰਗਾਣੀ ਦੇ ਸਥਾਨ ਤੇ ਯੁਧ ਹੋਇਆ। ਇਸ ਲੜਾਈ ਦੇ ਵੱਖ-ਵੱਖ ਕਾਰਣ ਦਸੇ ਗਏ ਹਨ। ਕਨਿੰਘਮ ਲਿਖਦਾ ਹੈ ਕਿ ਗੁਰੂ ਸਾਹਿਬ ਪਹਾੜੀ ਰਾਜਿਆਂ ਤਦੇ ਮਾਮਲਿਆਂ ਵਿਚ ਦਖ਼ਲ ਦੇ ਰਹੇ ਸਨ ਅਤੇ ਉਨ੍ਹਾਂ ਉਤੇ ਰੋਅਬ ਭਰਿਆ ਪ੍ਰਭਾਵ ਪਾ ਰਹੇ ਸਨ। ਇਸ ਕਰਕੇ ਉਹ ਗੁਰੂ ਸਾਹਿਬ ਦੇ ਖਿਲਾਫ ਸਨ। ਦੂਜਾ, ਪਹਾੜੀ ਜਾਜੇ ਗੁਰੂ ਜੀ ਦੇ ਪੈਰੋਕਾਰਾਂ ਨੂੰ ਨੀਵੇ ਲੋਕ ਸਮਝਦੇ ਸਨ ਤੇ ਇੰਦੂਭੂਸ਼ਨ ਬੈਨਰਜੀ ਅਨੁਸਾਰ ਉਹ ਆਪ ਰਾਜਸੀ ਹੱਕਾਂ ਅਤੇ ਸਮਾਜਿਕ ਅਲਹਿਦਗੀ ਅਤੇ ਨਸਲੀ ਹੰਕਾਰ ਦਾ ਸ਼ਿਕਾਰ ਹੋਏ ਬੈਠੇ ਸਨ। ਤੀਜਾ, ਖੁਸ਼ਵਕਤ ਹਾਏ ਅਨੁਸਾਰ ਪਹਾੜੀ ਲੋਕ ਗੁਰੂ ਸਾਹਿਬ ਲਈ ਭੇਟਾ ਲਿਆ ਰਹੇ ਸਿਖਾਂ ਨੂੰ ਲੁੱਟ ਲੈਂਦੇ ਸਨ। ਜਿਸ ਕਾਰਣ ਝਗੜੇ ਦਾ ਮੁਢ ਬੱਝ ਗਿਆ । ਚੋਥਾ। ਭਾਈ ਵੀਰ ਸਿੰਘ ਲਿਖਦੇ ਹਨ ਕਿ ਇਸ ਲੜਾਈ ਕਿ ਇਸ ਲੜਾਈ ਦਾ ਅਸਲ ਕਾਰਣ ਰਾਜਿਆਂ ਨੂੰ ਔਰੰਗਜ਼ੇਬ ਦੀ ਚੁੱਕ ਜਾਪਦਾ ਹੈ। ਪੰਜਵਾਂ, ਭੀਮ ਚੰਦ ਨੇ ਗੁਰੂ ਸਾਹਿਬ ਨਾਲ ਨਿਜੀ ਵੈਰ ਭੜਕਾਇਆ।' ਛੇਵਾਂ, ਗੁਰੂ ਸਾਹਿਬ ਨੇ ਇਸ ਲੜਾਈ ਦਾ ਇਹ ਕਾਰਣ ਦਸਿਆ ਹੈ ਕਿ ਉਨ੍ਹਾਂ ਲੇ ਕਈ ਜੰਗਲੀ ਜਾਨਵਰ ਮਾਰ ਦਿਤੇ ਸਨ ਜਿਸ ਤੋਂ ਫਤਿਹ ਸ਼ਾਹ ਉਨ੍ਹਾਂ ਨਾਲ ਗੁੱਸੇ ਹੋ ਗਿਆ ਤੇ ਬਿਨਾਂ ਕਿਸੇ ਯੋਗ ਕਾਰਨ ਦੇ ਉਨ੍ਹਾਂ ਨਾਲ ਲੜਾਈ ਛੇੜ ਦਿਤੀ।'

ਭੰਗਾਣੀ ਦੀ ਲੜਾਈ ਵਿਚ ਗੁਰੂ ਸਾਹਿਬ ਨੂੰ ਵਿਜੈ ਪ੍ਰਾਪਤ ਹੋਈ । ਉਨ੍ਹਾਂ ਨੇ 'ਬਚਿਤ੍ਰ ਨਾਟਕ' ਵਿਚ ਇਸ ਲੜਾਈ ਦਾ ਹਾਲ ਲਿਖਿਆ ਹੈ ਗੁਰੂ ਹਰਿ ਗੋਬਿੰਦ ਜੀ ਦੀ ਸਪੁਤ੍ਰੀ ਬੀਬੀ ਵੀਰੋ ਦੇ ਪੰਜ ਪੁੱਤਰ ਸੰਗੋਸ਼ਾਹ, ਜੀਤ ਮਲ, ਗੁਲਾਬ ਰਾਏ, ਗੰਗਾ ਰਾਮ ਤੇ ਮੋਹਰੀ ਚੰਦ ਇਸ ਲੜਾਈ ਵਿਚ ਬੜੀ ਬਹਾਦਰੀ ਨਾਲ ਲੜੇ ਸਨ। ਪਹਿਲਾ ਤਾਂ ਗੁਰੂ ਜੀ ਇਕ ਉੱਚੀ ਥਾਂ ਤੇ ਖੜੋਤੇ ਇਹ ਲੜਾਈ ਦੇਖਦੇ ਰਹੇ ਪਰ ਜਦੋਂ ਹਰੀ ਚੰਦ ਹੰਡੂਰੀਏ ਨੇ ਗੁਰੂ ਜੀ ਨੂੰ ਆਪਣੇ ਤੀਰ ਦਾ ਨਿਸ਼ਾਨਾ ਬਣਾਇਆ ਤਾਂ ਗੁਰੂ ਜੀ ਲੜਾਈ ਵਿਚ ਸ਼ਾਮਲ ਹੋਏ ਤੇ ਉਨ੍ਹਾਂ ਨੇ ਤੀਰ ਮਾਰ ਕੇ ਹਰੀ ਚੰਦ ਅਤੇ ਉਸ ਦੇ ਕੁਝ ਸਾਥੀਆਂ ਨੂੰ ਮਾਰ ਦਿੱਤਾ। ਗੁਰੂ ਸਾਹਿਬ ਦੀ ਇਹ ਸਭ ਤੋਂ ਪਹਿਲੀ ਅਤੇ ਮਹੱਤਵਪੂਰਨ ਲੜਾਈ ਸੀ। ਇਸ ਲੜਾਈ ਦਾ ਪਹਿਲਾ ਸਿੱਟਾ ਇਹ ਨਿਕਲਿਆ ਕਿ ਗੁਰੂ ਸਾਹਿਬ ਆਪਣੇ ਸਾਥੀਆਂ ਸਮੇਤ ਤੁਰੰਤ ਅਨੰਦਪੁਰ ਆ ਗਏ। ਦੂਜਾ, ਭੀਮ ਚੰਦ ਨੂੰ ਗੁਰੂ ਸਾਹਿਬ ਦੀ ਸ਼ਕਤੀ ਦਾ ਪਤਾ ਲੱਗ ਗਿਆ ਤੇ ਉਸ ਨੇ ਉਨ੍ਹਾਂ ਨਾਲ ਸਬੰਧ ਸੁਖਾਵੇਂ ਕਰ ਲਏ। ਤੀਜਾ, ਪਹਾੜੀ ਰਾਜੇ ਜਿਹੜੇ ਪਹਿਲਾਂ ਮੁਗਲਾਂ ਦਾ ਕਰ ਭਰਦੇ ਸਨ, ਗੁਰੂ ਸਾਹਿਬ ਵਲ ਵੇਖ ਕੇ ਮੁਗਲਾਂ ਦੀ ਅਧੀਨਗੀ ਤੋਂ ਆਜ਼ਾਦ ਹੋਣ ਬਾਰੇ ਸੋਚਣ ਲੱਗ ਪਏ। ਚੌਥਾ, ਭੰਗਾਣੀ ਦੀ ਲੜਾਈ ਵਿੱਚ ਸਿੱਖਾਂ ਨੇ ਆਪਣੇ ਤੋਂ ਕਿਤੇ ਵੱਧ ਫੌਜਾਂ ਨੂੰ ਹਰਾ ਕੇ ਆਪਣੀ ਸੈਨਿਕ ਸ਼ਕਤੀ ਨੂੰ ਅਨੁਭਵ ਕੀਤਾ ਪਰ ਸਿੱਖਾਂ ਨੇ ਇਸ ਜਿੱਤ ਤੋਂ ਕੋਈ ਵਿਸ਼ੇਸ਼ ਲਾਭ ਨਹੀਂ ਉਠਾਇਆ। ਹਾਂ! ਗੁਰੂ ਸਾਹਿਬ ਨੇ ਅਨੰਦਪੁਰ ਵਾਪਿਸ ਆਉਣ ਤੇ ਆਪਣੀ ਸੁਰੱਖਿਆ ਨੂੰ ਵਧੇਰੇ ਮਜ਼ਬੂਤ ਕਰਨ ਲਈ ਪੰਜ ਕਿਲ੍ਹੇ ਬਣਵਾਏ।

1690 ਈ: ਵਿੱਚ ਗੁਰੂ ਸਾਹਿਬ ਨੇ ਨਾਦੌਣ ਦੀ ਲੜਾਈ ਵਿਚ ਭਾਗ ਲਿਆ। ਨਾਦੌਣ ਕਾਂਗੜੇ ਤੋਂ ਵੀਹ ਕੁ ਮੀਲ ਦੀ ਵਿਥ ਤੇ ਬਿਆਸ ਦਰਿਆ ਦੇ ਕੰਢੇ ਤੇ ਅਬਾਦ ਹੈ। ਕੁਝ ਸਮੇਂ ਤੋਂ ਪਹਾੜੀ ਰਾਜੇ 'ਕਰ' ਨਹੀਂ ਸਨ ਭਰ ਰਹੇ। ਇੱਕ ਮੁਗਲ ਸੈਨਿਕ ਅਫ਼ਸਰ ਅਲਫ਼ ਖ਼ਾਂ ਫੌਜ ਲੈ ਕੇ ਨਾਦੌਣ ਪੁੱਜਾ। ਉਸ ਦੇ ਮੁਕਾਬਲੇ ਲਈ ਪਹਾੜੀ ਰਾਜੇ ਨਾਦੌਣ ਦੇ ਸਥਾਨ ਤੇ ਇਕੱਠੇ ਹੋਏ। ਉਨ੍ਹਾਂ ਨੇ ਆਪਣੀ ਸਹਾਇਤਾ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਬੇਨਤੀ ਕੀਤੀ। ਉਹ ਵੀ ਆਪਣੇ ਸੈਨਿਕਾਂ ਸਮੇਤ ਉਥੇ ਪੁੱਜੇ। ਪਿਛੋਂ ਪਹਾੜੀ ਰਾਜਿਆਂ ਅਤੇ ਮੁਗਲ ਅਫ਼ਸਰ ਵਿਚਕਾਰ ਸਮਝੌਤਾ ਹੋ ਗਿਆ ਤੇ ਗੁਰੂ ਸਾਹਿਬ ਕੇਵਲ ਅੱਠ ਦਿਨ ਉਥੇ ਠਹਿਰ ਕੇ ਵਾਪਿਸ ਅਨੰਦਪੁਰ ਚਲੇ ਗਏ।

1694 ਈ: ਵਿਚ ਖਾਨਜ਼ਾਦਾ ਰੁਸਤਮ ਖਾਂ ਭਾਰੀ ਫੌਜ ਲੈ ਕੇ ਗੁਰੂ ਜੀ ਉਪਰ ਚੜ੍ਹ ਆਇਆ। ਰਾਤ ਦੇ ਹਨ੍ਹੇਰੇ ਵਿਚ ਜਦੋਂ ਦੋਨਾਂ ਪਾਸਿਆਂ ਤੋਂ ਲੜ੍ਹਾਈ ਦਾ ਸ਼ੋਰ ਉਠਿਆ ਤਾਂ ਪਠਾਣ ਸ਼ਸਤਰ ਚਲਾਉਣ ਤੋਂ ਬਿਨਾਂ ਹੀ ਭੱਜ ਗਏ।

ਅਗਲੇ ਸਾਲ ਅਰਥਾਤ 1695 ਈ: ਵਿਚ



www.AKJ.Org

ਹੁਸੈਨ ਖਾਂ ਦੀ ਅਗਵਾਈ ਵਿੱਚ ਲਾਹੌਰ ਤੋਂ ਗੁਰੂ ਸਾਹਿਬ ਦੇ ਖਿਲਾਫ਼ ਇੱਕ ਹੋਰ ਮੁਹਿੰਮ ਚੜ੍ਹ ਆਈ। ਬਚਿੱਤ੍ਰ ਨਾਟਕ ਵਿੱਚ ਲਿਖਿਆ ਹੋਇਆ ਹੈ ਕਿ ਇਸ ਲੜਾਈ ਵਿਚ ਕਿਰਪਾਲ ਕਟੋਚ, ਭੀਮ ਚੰਦ ਕਹਿਲੂਰੀਆ, ਹਿੰਮਤ ਸਿੰਘ, ਹਰੀ ਸਿੰਘ ਤੇ ਹੋਰ ਬਹੁਤ ਸਾਰੇ ਪਹਾੜੀ ਸੂਰਮੇ ਹੁਸੈਨ ਖਾਂ ਵਲ ਹੋ ਕੇ ਲੜੇ ਸਨ ਤੇ ਦੂਜੇ ਪਾਸੇ ਗੁਰੂ ਸਾਹਿਬ ਦੇ ਕੁਝ ਸੈਨਿਕਾਂ ਤੋਂ ਇਲਾਵਾ ਗੁਪਾਲ ਗੁਲੇਰੀਆ, ਸੰਗਤੀਆ ਤੇ ਰਾਮ ਸਿੰਘ ਆਦਿ, ਆਗੂ ਸਨ। ਇਸ ਲੜਾਈ ਵਿੱਚ ਕਾਂਗੜੇ ਦਾ ਰਾਜਾ ਕਿਰਪਾਲ ਅਤੇ ਹੁਸੈਨ ਖਾਂ ਮਾਰੇ ਗਏ ਸਨ। ਇਸ ਤਰ੍ਹਾਂ ਸ਼ਾਹਜ਼ਾਦਾ ਮੁਅਜ਼ਮ ਦੀ ਮੁਹਿੰਮ 1696 ਈ: ਵਿੱਚ ਗੁਰੂ ਸਾਹਿਬ ਅਤੇ ਪਹਾੜੀ ਰਾਜਿਆਂ ਦੇ ਖਿਲਾਫ਼ ਕਾਰਵਾਈ ਲਈ ਭੇਜੀ ਗਈ ਸੀ। ਸ਼ਾਹਜ਼ਾਦਾ ਮੁਅਜ਼ਮ ਆਪ ਤਾਂ ਲਾਹੌਰ ਹੀ ਰਿਹਾ ਤੇ ਇੱਕ ਮੁਗਲ ਅਫ਼ਸਰ ਮਿਰਜ਼ਾ ਖਾਂ ਨੂੰ ਫੌਜ ਦੇ ਕੇ ਲੋੜੀਂਦੀ ਕਾਰਵਾਈ ਲਈ ਭੇਜਿਆ। ਭਾਈ ਨੰਦ ਲਾਲ ਦੇ ਵਸੀਲੇ ਨਾਲ ਮੁਗਲਾਂ ਅਤੇ ਗੁਰੂ ਜੀ ਵਿਚਕਾਰ ਆਰਜ਼ੀ ਤੌਰ ਤੇ ਸੰਬੰਧ ਕੁਝ ਸੁਖਾਵੇਂ ਹੋ ਗਏ ਜਿਸ ਦੇ ਫਲਸਰੂਪ ਇਹ ਮੁਹਿੰਮ ਬਿਨਾਂ ਗੁਰੂ ਜੀ ਨੂੰ ਛੇੜਿਆਂ ਵਾਪਿਸ ਚਲੀ ਗਈ।

1699 ਈ: ਦੀ ਵੈਸਾਖੀ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਵਿੱਚ ਖ਼ਾਲਸੇ ਦੀ ਸਥਾਪਨਾ ਕੀਤੀ। ਪਹਿਲੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਅਗਲੇ ਕੁਝ ਦਿਨਾਂ ਵਿੱਚ ਅੱਸੀ ਹਜ਼ਾਰ ਸਿੱਖਾਂ ਨੂੰ ਅੰਮ੍ਰਿਤਧਾਰੀ ਬਣਾਇਆ ਗਿਆ। ਬੂਟੇ ਸ਼ਾਹ ਅਤੇ ਅਹਿਮਦ ਸ਼ਾਹ ਬਟਾਲੀਏ ਦੇ ਕਥਨ ਅਨੁਸਾਰ ਗੁਰੂ ਸਾਹਿਬ ਨੇ ਸੰਗਤਾਂ ਨੂੰ ਸੰਬੋਧਨ ਕਰਕੇ ਇਉਂ ਫ਼ੁਰਮਾਇਆ, "ਮੇਰੀ ਇੱਛਾ ਹੈ ਕਿ ਤੁਸੀਂ ਸਾਰੇ ਇੱਕ ਫਿਰਕੇ ਦੇ ਪੈਰੋਕਾਰ ਬਣ ਜਾਓ ਅਤੇ ਧਰਮ ਸੰਬੰਧੀ ਸਾਰੇ ਵਿਤਕਰੇ ਮਿਟਾ ਕੇ ਇੱਕੋ ਰਾਹ ਉਤੇ ਚਲੋ। ਹਿੰਦੂਆਂ ਦੀਆਂ ਚੌਹਾਂ ਜਾਤਾਂ ਨੂੰ, ਜਿਨ੍ਹਾਂ ਲਈ ਸ਼ਾਸ਼ਤਰਾਂ ਅਨੁਸਾਰ ਵੱਖ ਵੱਖ ਨਿਯਮ ਬਣਾਏ ਗਏ ਸਨ, ਬਿਲਕੁਲ ਛੱਡ ਕੇ ਇੱਕ ਦੂਜੇ ਨਾਲ ਸਹਿਯੋਗ ਦੇ ਤਰੀਕੇ ਨੂੰ ਅਪਣਾਉ ਤੇ ਇੱਕ ਦੂਜੇ ਨਾਲ ਖੁਲੱਮ ਖੁੱਲਾ ਮੇਲ ਜੋਲ ਰੱਖੋ। ਚੌਹਾਂ ਜਾਤਾਂ ਦੇ ਲੋਕਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਉ ਅਤੇ ਇਕੋ ਬਾਟੇ ਵਿਚ ਪ੍ਰਸ਼ਾਦ ਪਾਨ ਕਰੋ ਤੇ ਇਕ ਦੂਜੇ ਲਈ ਘ੍ਰਿਣਾ ਕੀ ਭਾਵਨਾ ਨੂੰ ਤਿਆਗ ਦਿਉ।" ਗੁਰੂ ਸਾਹਿਬ ਆਪਣੇ ਖ਼ਾਲਸੇ ਵਿੱਚ ਅਭੇਦ ਹੋ ਗਏ। ਉਨ੍ਹਾਂ ਨੇ ਨੀਵਿਆਂ ਨੂੰ ਉੱਚਾ ਚੁੱਕਿਆ ਤੇ ਖ਼ਾਲਸੇ ਦੀ ਸਿਰਜਨਾਂ ਸਦਕੇ, ਸਿੱਖਾਂ ਦੀ ਕਾਇਆ ਬਦਲ ਦਿੱਤੀ ਅਤੇ ਇੱਕ ਸ਼ਕਤੀਸ਼ਾਲੀ ਕੌਮ ਦੀ ਸਾਜਨਾ ਕੀਤੀ, ਸਿੱਖਾਂ ਵਿੱਚ ਬਹਾਦਰੀ ਦੀ ਰੂਹ ਭਰ ਦਿੱਤੀ। ਸਿੱਖਾਂ ਵਿੱਚ ਲੋਕਤੰਤਰਕ ਅਸੂਲਾਂ ਦਾ ਪ੍ਰਵੇਸ਼ ਹੋਇਆ। ਖ਼ਾਲਸੇ ਦੀ ਉਤਪਤੀ ਦੇ ਫਲਸਰੂਪ ਸਿੱਖਾਂ ਅਤੇ ਮੁਗਲ ਤੇ ਪਹਾੜੀ ਰਾਜਿਆਂ ਵਿਚਕਾਰ ਇਕ ਨਵੇਂ ਟਕਰਾਉ ਦਾ ਮੁੱਢ ਬੱਝ ਗਿਆ ਤੇ ਅਗਾਂਹ ਜਾ ਕੇ ਰਾਜਸੀ ਸ਼ਕਤੀ ਦਾ ਉਥਾਨ ਹੋਇਆ। ਅਜ ਕਲ ਦੇ ਕੁਝ ਅਣਜਾਣ ਇਤਿਹਾਸਕਾਰ ਇਹ ਸਮਝਦੇ ਹਨ ਕਿ ਗੁਰੂ ਸਾਹਿਬ ਨੇ ਸਿਖਾਂ ਦੀ ਅਧਿਆਤਮਕ ਏਕਤਾ ਨੂੰ ਦੁਨਿਆਵੀ ਸਫ਼ਲਤਾ ਦਾ ਵਸੀਲਾ ਬਣਾ ਲਿਆ ਅਤੇ ਧਾਰਮਿਕ ਸੰਪਰਦਾਇ ਦੀ ਏਕਤਾ ਨੂੰ ਛੁਟਿਆ ਕੇ ਰਾਜਸੀ ਉਨਤੀ ਦਾ ਸਾਧਨ ਬਣਾ ਲਿਆ। ਇਸ ਤਰ੍ਹਾਂ ਸਦੀਆਂ ਤੋਂ ਚਲੇ ਆ ਰਹੇ ਸਿਖ ਆਧੁਨਿਕ ਸੈਨਿਕ ਬਣ ਕੇ ਰਹਿ ਗਏ। ਇਹ ਹੈ ਜਾਦੂ ਨਾਥ ਸਰਕਾਰ ਦਾ ਨਜ਼ਰੀਆ ਜੋ ਕਿ ਸਿੱਖ ਇਤਿਹਾਸ ਦੀ ਅਗਿਆਨਤਾ ਦਾ ਸੂਚਕ ਹੈ।

ਖਾਲਸੇ ਦੀ ਸਾਜਨਾ ਤੋਂ ਬਆਦ ਗੁਰੂ ਸਾਹਿਬ ਵਿਰੁਧ ਲੜਾਈਆਂ ਦਾ ਇਕ ਨਵਾਂ ਦੌਰ ਚੱਲਿਆ। ਇਨ੍ਹਾਂ ਲੜਾਈਆਂ ਵਿਚ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਮਿਲ ਕੇ ਭਾਗ ਲਿਆ। ਅਨੰਦਪੁਰ ਦੀ ਪਹਿਲੀ ਲੜਾਈ 1701 ਈ: ਵਿਚ ਹੋਈ। ਭੀਮ ਚੰਦ ਗੁਰੂ ਸਾਹਿਬ ਉਤੇ ਇਸ ਗੱਲ ਲਈ ਦਬਾਅ ਪਾਉਣ ਲਗਾ ਕਿ ਜਾਂ ਤਾਂ ਉਹ ਅਨੰਦਪੁਰ ਦਾ ਇਲਾਕਾ ਛਡ ਜਾਣ ਜਾਂ ਕਰ ਭਰਨ। ਪਰ ਗੁਰੂ ਜੀ ਨੂੰ ਇਨ੍ਹਾਂ ਵਿਚੋਂ ਕੋਈ ਗੱਲ ਵੀ ਮਨਜ਼ੂਰ ਨਹੀਂ ਸੀ। ਪਹਾੜੀ ਰਾਜਿਆਂ ਨੇ ਅਨੰਦਪੁਰ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਅਨੰਦਪੁਰ ਛੱਡ ਕੇ ਕੀਰਤਪੁਰ ਤੋਂ ਮੀਲ ਡੇਢ ਮੀਲ ਦੇ ਫਾਸਲੇ ਤੇ ਨਿਰਮੋਹ ਨਾਂ ਦੇ ਪਿੰਡ ਵਿਚ ਚਲੇ ਗਏ। ਗੁਰੂ ਸਾਹਿਬ ਨੇ ਅਜਿਹਾ ਪਹਾੜੀ ਰਾਜਿਆਂ ਦੇ ਕਸਮ ਖਾ ਕੇ ਵਚਨ ਦੇਣ ਤੇ ਕੀਤਾ ਸੀ ਕਿ ਅਜਿਹਾ ਕਰਨ ਤੇ ਉਹ ਆਪਸ ਵਿਚਕਾਰ ਸਬੰਧ ਚੰਗੇ ਕਰ ਲੈਣਗੇ। ਪਿਛੋਂ ਪਹਾੜੀ ਰਾਜਿਆਂ ਨੇ ਨਿਰਮੋਹ ਤੇ ਹਮਲਾ ਕਰ ਦਿੱਤਾ ਪਰ ਉਹ ਮੂੰਹ ਦੀ ਖਾ ਕੇ ਵਾਪਿਸ ਚਲੇ ਗਏ। 1702 ਈ: ਵਿਚ ਬਸਾਲੀ ਦੇ ਸਥਾਨ ਤੇ ਦੋਹਾਂ ਧਿਰਾਂ ਵਿਚਕਾਰ ਲੜਾਈ ਹੋਈ। ਇਸੇ ਲੜਾਈ ਵਿਚ ਵੀ ਭੀਮ ਚੰਦ ਅਤੇ ਉਸ ਦੇ ਸਾਥੀਆਂ ਨੂੰ ਹਾਰ ਦਾ ਹੀ ਮੂੰਹ ਵੇਖਣਾ ਪਿਆ। ਇਸ ਤਰ੍ਹਾਂ ਕੁਝ ਹੋਰ ਛੋਟੀਆਂ ਛੋਟੀਆਂ ਝੜਪਾਂ ਹੋਈਆਂ ਜਿਨ੍ਹਾਂ ਵਿਚ ਸਫਲ ਹੋਣ ਉਪਰੰਤ ਗੁਰੂ ਸਾਹਿਬ ਪੱਕੀ ਤਰ੍ਹਾਂ ਮੁੜ ਅਨੰਦਪੁਰ ਆ ਟਿਕੇ।

ਅਨੰਦਪੁਰ ਦਾ ਦੂਜਾ ਯੁਧ 1705 ਈ: ਵਿਚ ਹੋਇਆ। ਅਨੰਦਪੁਰ ਤੇ ਇਹ ਹਮਲਾ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਮਿਲ ਕੇ ਕੀਤਾ ਸੀ। ਵੈਰੀਆਂ ਨੇ ਅਨੰਦਪੁਰ ਦੀ ਸਭ



www.AKJ.Org

ਪਾਸਿਆਂ ਤੋਂ ਨਾਕਾਬੰਦੀ ਕਰ ਦਿਤੀ ਤੇ ਅੰਦਰ ਰਾਸ਼ਨ ਨਾ ਪੁਜਣ ਕਰਕੇ ਸਿਖਾਂ ਦੀ ਹਾਲਤ ਖਰਾਬ ਹੋਣ ਲਗੀ ਪਰ ਸਿਖਾਂ ਨੇ ਵਿਰੋਧੀਆਂ ਦੀਆਂ ਫ਼ੌਜਾਂ ਨੂੰ ਅਨੰਦਗੜ੍ਹ ਦੇ ਕਿਲ੍ਹੇ ਅੰਦਰ ਦਾਖਿਲ ਨਹੀਂ ਹੋਣ ਦਿਤਾ। ਇਹ ਘੇਰਾ ਲਗਭਗ ਅੱਠ ਮਹੀਨਿਆਂ ਤਕ ਲਟਕਦਾ ਰਿਹਾ। ਆਖਰ ਮੁਗ਼ਲ ਸੈਨਿਕ ਆਗੂਆਂ ਨੇ ਆਪਣੀ ਇਜ਼ਤ ਕਾਇਮ ਰਖਣ ਲਈ ਕੁਰਾਨ ਦੀਆਂ ਕਸਮਾਂ ਖਾ ਕੇ ਕਿਹਾ ਕਿ ਜੇ ਉਹ ਕਿਲ੍ਹਾ ਛੱਡ ਦੇਣ ਤਾਂ ਉਹ ਸਿਖਾਂ ਦਾ ਪਿਛਾ ਨਹੀਂ ਕਰਨਗੇ। ਕਿਲ੍ਹੇ ਦੇ ਅੰਦਰੋਂ ਕੁਝ ਸਿਖ ਬੇਦਾਵਾ ਲਿਖ ਕੇ ਚਲੇ ਗਏ ਤੇ ਬਾਕੀ ਰਹਿੰਦਿਆਂ ਵਿਚੋਂ ਬਹੁਤ ਸਾਰੇ ਕਿਲ੍ਹਾ ਛਡ ਜਾਣ ਲਈ ਗੁਰੂ ਸਾਹਿਬ ਤੇ ਜ਼ੋਰ ਪਾਉਣ ਲਗੇ ਜਿਸ ਕਰਕੇ ਆਪਣੇ ਨਿਰਣੇ ਦੇ ਵਿਰੁਧ ਗੁਰੂ ਸਾਹਿਬ ਨੇ ਕਿਲ੍ਹਾ ਖਾਲੀ ਕਰ ਦੇਣ ਦੀ ਗੱਲ ਮੰਨ ਲਈ ਪਰ ਅਨੰਦਪੁਰ ਛੱਡ ਕੇ ਬਾਹਰ ਨਿਕਲਦਿਆਂ ਹੀ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨੇ ਉਨ੍ਹਾਂ ਉਤੇ ਹੱਲਾ ਬੋਲ ਦਿੱਤਾ। ਦਸੰਬਰ ਦੀ ਠੰਡੀ ਰਾਤ, ਪਿੱਛੇ ਦੁਸ਼ਮਣਾਂ ਦੀ ਅਣਗਿਣਤ ਫੌਜ ਤੇ ਸਾਹਮਣੇ ਤੂਫ਼ਾਨੀ ਨਦੀ ਸਰਸਾ ਤੇ ਨਾਲ ਬੱਚੇ ਤੇ ਔਰਤਾਂ ਸਨ। ਨਦੀ ਨੂੰ ਕੁਝ ਲੋਕ ਹੀ ਸਹੀ ਸਲਾਮਤ ਪਾਰ ਕਰ ਸਕੇ। ਗੁਰੂ ਸਾਹਿਬ ਆਪਣੇ ਵੱਡੇ ਦੋ ਪੁੱਤਰਾਂ ਨੂੰ ਛੱਡ ਕੇ ਬਾਕੀ ਸਾਰੇ ਪਰਵਾਰ ਨਾਲੋਂ ਵਿਛੜ ਗਏ।

ਗੁਰੂ ਸਾਹਿਬ ਆਪਣੇ ਚਾਲੀ ਸਾਥੀਆਂ ਸਮੇਤ ਚਮਕੌਰ ਆ ਪਹੁੰਚੇ ਤੇ ਉਥੋਂ ਦੀ ਕੱਚੀ ਗੜ੍ਹੀ ਵਿਚ ਆ ਬੈਠੇ। ਦੁਸ਼ਮਣ ਫੌਜਾਂ ਨੇ ਇਸ ਗੜ੍ਹੀ ਨੂੰ ਘੇਰਾ ਪਾ ਲਿਆ। ਗੁਰੂ ਜੀ ਨੇ ਆਪਣੇ ਜ਼ਫਰਨਾਮੇ ਵਿਚ ਇਸ ਘੇਰੇ ਅਤੇ ਭਿਆਨਕ ਲੜਾਈ ਦਾ ਜ਼ਿਕਰ ਕੀਤਾ ਹੈ। ਗੁਰੂ ਜੀ ਨੇ ਵੈਰੀਆਂ ਦੀ ਗਿਣਤੀ ਦਸ ਲੱਖ ਦੱਸੀ ਹੈ ਜਿਸ ਤੋਂ ਉਨ੍ਹਾਂ ਦਾ ਭਾਵ ਅਣਗਿਣਤ ਸੈਨਿਕ ਜਾਪਦਾ ਹੈ। ਰਾਤ ਪੈਣ ਤੇ ਗੜ੍ਹੀ ਵਿਚ ਬਚੇ ਕੁਝ ਸਿਖਾਂ ਨੇ ਫੈਸਲਾ ਕੀਤਾ ਕਿ ਗੁਰੂ ਸਾਹਿਬ ਨੂੰ ਉਸ ਗੜ੍ਹੀ ਵਿਚੋਂ ਨਿਕਲ ਜਾਣਾ ਚਾਹੀਦਾ ਹੈ। ਦਿਨੇ ਲੜਦੇ ਹੋਏ ਉਨ੍ਹਾਂ ਦੇ ਦੋਨੋਂ ਵੱਡੇ ਪੁੱਤਰ ਸ਼ਹੀਦ ਹੋ ਚੁੱਕੇ ਸਨ। ਪਹਿਲਾਂ ਤਾਂ ਗੁਰੂ ਸਾਹਿਬ ਸਿੱਖਾਂ ਦੇ ਸੁਝਾਉ ਨਾਲ ਸਹਿਮਤ ਨਾ ਹੋਏ ਤੇ ਪਿਛੋਂ ਪੰਜ ਸਿਖਾਂ ਨੇ ਪੰਚਾਇਤੀ ਰੂਪ ਵਿਚ ਗੁਰੂ ਜੀ ਨੂੰ ਕਿਲ੍ਹਾ ਛੱਡ ਕੇ ਚਲੇ ਜਾਣ ਦਾ 'ਹੁਕਮ' ਦਿਤਾ ਜਿਸ ਨੂੰ ਗੁਰੂ ਸਾਹਿਬ ਉਲਟਾਅ ਨਾ ਸਕੇ। ਤਿੰਨ ਸਿਖਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੂੰ ਵੀ ਗੁਰੂ ਸਾਹਿਬ ਦੇ ਨਾਲ ਬਾਹਰ ਜਾਣ ਲਈ ਕਿਹਾ ਗਿਆ ਸੀ। ਰਾਤ ਦੇ ਹਨੇਰੇ ਵਿਚ ਉਹ ਇਕ ਦੂਸਰੇ ਤੋਂ ਵਿਛੜ ਗਏ ਪਰ ਪਿਛੋਂ ਮਾਛੀਵਾੜੇ ਦੇ ਜੰਗਲ ਵਿਚ ਇਕ ਦੂਸਰੇ ਨੂੰ ਮੁੜ ਮਿਲ ਗਏ। ਮਾਛੀਵਾੜੇ ਵਿਚੋਂ ਗੁਰੂ ਸਾਹਿਬ ਦੋ ਪਠਾਣ ਭਰਾਵਾਂ ਨਬੀ ਖਾਂ ਗਨੀ ਖਾਂ ਅਤੇ ਸਲੋਹ ਦੇ ਵਸਨੀਕ ਉਸਤਾਦ ਕਾਜ਼ੀ ਨੂਰ ਮਹੁੰਮਦ ਨਾਲ 'ਉਚ ਦਾ ਪੀਰ' ਬਣ ਕੇ ਨਿਕਲ ਗਏ। ਜੱਟਪੁਰੇ ਦੇ ਮੁਸਲਮਾਨ ਜੱਟ ਰਾਏ ਕਲ੍ਹਾ ਪਾਸ ਕੁਝ ਦਿਨ ਰਹੇ ਜਿਥੇ ਕਲ੍ਹਾ ਨੇ ਆਪਣੇ ਇਕ ਆਦਮੀ ਨੂੰ ਸਰਹਿੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਮੰਗਵਾ ਦਿਤੀ ਤੇ ਪਿਛੋਂ ਗੁਰੂ ਜੀ ਦੀਨੇ ਪੁਜੇ ਜਿਥੋਂ ਉਨ੍ਹਾਂ ਨੇ ਔਰੰਗਜ਼ੇਬ ਦੇ ਨਾਂ ਇਕ ਚਿੱਠੀ ਲਿਖੀ ਜਿਸ ਦਾ ਨਾਂ ਜ਼ਫਰਨਾਮਾ ਰੱਖਿਆ ਗਿਆ। ਇਸ ਚਿੱਠੀ ਰਾਹੀਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਦੱਖਣ ਵਿਚ ਜਾ ਕੇ ਮਿਲਣ ਤੋਂ ਇਨਕਾਰ ਕੀਤਾ ਸੀ ਤੇ ਬਾਦਸ਼ਾਹ ਨੂੰ ਲਿਖਿਆ ਸੀ ਕਿ ਜੇ ਉਹ ਆਪ ਮਿਲਣਾ ਚਾਹੇ ਤਾਂ ਕਾਂਗੜ ਦੇਸ਼ (ਮਾਲਵੇ) ਵਿੱਚ ਆ ਕੇ ਗੁਰੂ ਜੀ ਨੂੰ ਮਿਲ ਲਵੇ।

ਇਸ ਚਿੱਠੀ ਰਾਹੀਂ ਬੜੇ ਸਖਤ ਲਹਿਜ਼ੇ ਵਿਚ ਗੁਰੂ ਸਾਹਿਬ ਨੇ ਆਪਣੇ ਮਨ ਦੀਆਂ ਗੱਲਾਂ ਬਾਦਸ਼ਾਹ ਔਰੰਗਜ਼ੇਬ ਤਕ ਪਹੁੰਚਾਈਆਂ ਸਨ। ਇਉਂ ਜਾਪਦਾ ਹੈ ਕਿ ਇਸ ਦਾ ਬਾਦਸ਼ਾਹ ਦੇ ਮਨ ਉਤੇ ਸੁਖਾਵਾਂ ਅਸਰ ਹੋਇਆ ਜਿਸ ਕਰਕੇ ਗੁਰੂ ਜੀ ਦੀ ਸੁਰੱਖਿਆ ਦਾ ਪੂਰਾ ਯਕੀਨ ਦੁਆ ਕੇ ਗੁਰੂ ਜੀ ਨੂੰ ਆਪਣੇ ਪਾਸ ਦੱਖਣ ਵਿਚ ਬੁਲਾਇਆ ਸੀ ਪਰ ਗੁਰੂ ਸਾਹਿਬ ਦੇ ਉਸ ਪਾਸ ਪਹੁੰਚਣ ਤੋਂ ਪਹਿਲਾਂ ਹੀ ਬਾਦਸ਼ਾਹ ਦੀ ਮੌਤ ਹੋ ਗਈ।

ਦੀਨੇ ਤੋਂ ਰਵਾਨਾ ਹੋ ਕੇ ਗੁਰੂ ਜੀ ਭਗਤੇ ਪਿੰਡ ਤੇ ਹੋਰ ਕਈ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਕੋਟਕਪੂਰੇ ਪਹੁੰਚੇ। ਸਰਹਿੰਦ ਦੀਆਂ ਫੌਜਾਂ ਉਨ੍ਹਾਂ ਦਾ ਪਿਛਾ ਕਰ ਰਹੀਆਂ ਸਨ। ਗੁਰੂ ਸਾਹਿਬ ਕੋਟਕਪੂਰੇ ਤੋਂ ਅਗਾਂਹ ਖਿਦਰਾਣੇ ਦੀ ਢਾਬ (ਮੁਕਤਸਰ) ਪੁਜ ਗਏ ਜਿਥੇ ਵਜ਼ੀਰ ਖਾਂ ਦੀਆਂ ਫੌਜਾਂ ਨਾਲ ਮੁਕਾਬਲਾ ਹੋਇਆ। ਅਨੰਦਪੁਰ ਤੋਂ ਬੇਦਾਵਾ ਲਿਖ ਕੇ ਦੇ ਜਾਣ ਵਾਲੇ ਸਿੱਖਾਂ ਵਿਚੋਂ ਬਹੁਤ ਸਾਰੇ, ਸਮੇਤ ਮਾਝੇ ਦੀ ਇੱਕ ਮਾਈ ਭਾਗੋ (ਮਾਈ ਭਾਗ ਕੌਰ) ਦੇ, ਇਸ ਲੜਾਈ ਵਿਚ ਸ਼ਾਮਲ ਹੋਏ ਸਨ। ਉਨ੍ਹਾਂ ਵਿਚੋਂ ਕਈ ਸਾਰੇ ਤਾਂ ਲੜਾਈ ਵਿਚ ਮਾਰੇ ਗਏ। ਖਿਦਰਾਣੇ ਦੀ ਢਾਬ ਤੇ ਮਹਾਂ ਸਿੰਘ ਨੇ ਮਰਨ ਤੋਂ ਪਹਿਲਾਂ ਗੁਰੂ ਸਾਹਿਬ ਤੋਂ ਬੇਦਾਵਾ ਪੜਵਾਇਆ ਸੀ। ਇਹ ਲੜਾਈ 1706 ਈ: ਵਿਚ ਹੋਈ ਸੀ।

ਮੁਕਤਸਰ ਤੋਂ ਚਲ ਕੇ ਗੁਰੂ ਸਾਹਿਬ ਤਲਵੰਡੀ ਸਾਬੋ



www.AKJ.Org

(ਦਮਦਮਾ ਸਾਹਿਬ) ਪੁੱਜੇ । ਇੱਥੇ ਗੁਰੂ ਜੀ ਦੇ ਇਕ ਸ਼ਰਧਾਲੂ ਸਿੱਖ ਭਾਈ ਡੱਲਾ ਨੇ ਉਹਨ੍ਹਾਂ ਦੀ ਬੜੀ ਸੇਵਾ ਕੀਤੀ। ਦਮਦਮੇ ਵਿਚ ਗੁਰੂ ਜੀ ਨੂੰ ਧਰਮ ਤੇ ਵਿਦਿਆ ਪਰਚਾਰ ਦਾ ਚੰਗਾ ਮੌਕਾ ਮਿਲਿਆ। ਉੱਥੇ ਵਿਦਿਆ ਦਾ ਪਰਵਾਹ ਚਲਣ ਕਾਰਨ ਦਮਦਮੇ ਗੁਰੂ ਜੀ ਦੀ ਕਾਂਸ਼ੀ ਵੀ ਕਿਹਾ ਗਿਆ। ਇਥੇ ਹੀ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਗੁਰੂ ਜੀ ਨੂੰ ਆ ਮਿਲੇ ਸਨ। ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਇਥੇ ਹੀ ਬੈਠ ਕੇ ਤਿਆਰ ਕਰਵਾਈ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚੜ੍ਹਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅੰਤਿਮ ਰੂਪ ਦਿਤਾ। ਤਲਵੰਡੀ ਸਾਬੋ ਵਿੱਚ ਗੁਰੂ ਸਾਹਿਬ ਕੋਈ ਨੌਂ ਮਹੀਨੇ ਰਹੇ। ਉਪਰਲੇ ਸਰਕਾਰੀ ਹੁਕਮ ਅਨੁਸਾਰ ਉਨ੍ਹਾਂ ਵਿਰੁੱਧ ਸਭ ਕਾਰਵਾਈਆਂ ਰੋਕ ਦਿੱਤੀਆਂ ਗਈਆਂ ਸਨ।

ਤਲਵੰਡੀ ਸਾਬੋ ਤੋਂ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਮਿਲਣ ਲਈ ਦੱਖਣ ਵਲ ਨੂੰ ਰਵਾਨਾ ਹੋਏ ਕਿਉਂਕਿ ਗੁਰੂ ਜੀ ਨਾਲ ਮੁਲਾਕਾਤ ਲਈ ਔਰੰਗਜ਼ੇਬ ਨੇ ਸੱਚੇ ਦਿਲੋਂ ਇਛਾ ਪ੍ਰਗਟ ਕੀਤੀ ਸੀ। ਇਹ ਔਰੰਗਜ਼ੇਬ ਦੀ ਬਦਕਿਸਮਤੀ ਸੀ ਕਿ ਉਹ ਗੁਰੂ ਸਾਹਿਬ ਨੂੰ ਮਿਲ ਕੇ ਆਪਣੇ ਰਵੱਈਏ ਲਈ ਅਫ਼ਸੋਸ ਪ੍ਰਗਟ ਨਹੀਂ ਕਰ ਸਕਿਆ।

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਦਿੱਲੀ ਦੇ ਤਖ਼ਤ ਲਈ ਉਸ ਦੇ ਪੁੱਤਰਾਂ ਵਿਚਕਾਰ ਝਗੜਾ ਹੋਇਆ। ਬਹਾਦਰ ਸ਼ਾਹ ਦੇ ਗੁਰੂ ਸਾਹਿਬ ਤੋਂ ਸਹਾਇਤਾ ਮੰਗਣ ਦੇ ਜਵਾਬ ਵਿੱਚ ਗੁਰੂ ਜੀ ਨੇ ਤਿੰਨ ਸੌ ਘੋੜ ਸਵਾਰਾਂ ਦੇ ਇੱਕ ਦਸਤੇ ਨਾਲ ਮਦਦ ਕੀਤੀ। ਬਹਾਦਰ ਸ਼ਾਹ ਇਸ ਲੜਾਈ ਵਿਚ ਵਿਜਈ ਰਿਹਾ। ਬਹਾਦਰ ਸ਼ਾਹ ਨੇ ਆਗਰੇ ਵਿਚ ਗੁਰੂ ਸਾਹਿਬ ਦਾ ਸਵਾਗਤ ਕੀਤਾ ਤੇ ਇਕ ਹੀਰੇ ਜੜਤ ਸਾਫ਼ਾ, ਇਕ ਧੁਖ-ਧੁਖੀ ਤੇ ਜਿਗਾਹ ਕਲਗੀ ਵੀ ਭੇਟ ਕੀਤੀ। ਗੁਰੂ ਸਾਹਿਬ ਨੇ ਬਹਾਦਰ ਸ਼ਾਹ ਵਲੋਂ ਭੇਟ ਹੋਇਆ ਸਰੋਪਾ ਅਤੇ ਬਾਕੀ ਸੁਗਾਤਾਂ ਆਪਣੇ ਸੇਵਾਦਾਰ ਦੇ ਹੱਥ ਆਪਣੇ ਡੇਰੇ ਭੇਜ ਦਿਤੀਆਂ।

ਗੁਰੂ ਸਾਹਿਬ ਬਹਾਦਰ ਸ਼ਾਹ ਦੇ ਨਾਲ ਮੁੜ ਅਨੰਦਪੁਰ ਸਾਹਿਬ ਜਾਣ ਲਈ ਹਾਲਾਤ ਸਾਜ਼ਗਾਰ ਬਣਾਉਣ ਸਬੰਧੀ ਗਲਬਾਤ ਦੇ ਸਿਲਸਲੇ ਵਿਚ ਦੱਖਣ ਵਲ ਨੂੰ ਤੁਰਦੇ ਗਏ ਪਰ ਉਹ ਗੱਲ ਸਿਰੇ ਨਾ ਲੱਗੀ ਤੇ ਗੁਰੂ ਜੀ ਨੰਦੇੜ ਵਿਚ ਹੀ ਰੁਕ ਗਏ ਤੇ ਬਾਦਸ਼ਾਹ ਆਪਣੇ ਭਰਾ ਵਿਰੁੱਧ ਲੜਾਈ ਲਈ ਅਗਾਂਹ ਚਲਾ ਗਿਆ।

7 ਅਕਤੂਬਰ, 1708 ਈ. ਨੂੰ ਨੰਦੇੜ ਵਿਚ ਗੁਰੂ ਸਾਹਿਬ ਜੋਤੀ ਜੋਤ ਸਮਾ ਗਏ। ਇਤਿਹਾਸਕਾਰਾਂ ਨੇ ਇਸ ਸਬੰਧੀ ਵੱਖ ਵੱਖ ਵਿਚਾਰ ਦਿੱਤੇ ਹਨ। ਅਸਲ ਵਿੱਚ ਬਹਾਦਰ ਸ਼ਾਹ ਅਤੇ ਗੁਰੂ ਜੀ ਵਿਚਕਾਰ ਕਾਫ਼ੀ ਚੰਗੇ ਸਬੰਧ ਹੋਣ ਕਰਕੇ ਸਰਹਿੰਦ ਦੇ ਗਵਰਨਰ ਵਜ਼ੀਰ ਖਾਂ ਨੂੰ ਆਪਣੇ ਲਈ ਖਤਰਾ ਭਾਸਿਆ ਕਿ ਉਸ ਦੇ ਖਿਲਾਫ ਬਾਦਸ਼ਾਹ ਵਲੋਂ ਕੋਈ ਕਾਰਵਾਈ ਨਾ ਕੀਤੀ ਜਾਏ। ਇਸ ਲਈ ਉਸ ਨੇ ਆਪਣੀ ਫੌਜ ਦੇ ਦੋ ਤਨਖਾਹਦਾਰ ਆਦਮੀਆਂ ਨੂੰ ਗੁਰੂ ਜੀ ਦੇ ਪਿੱਛੇ ਲਾਇਆ। ਇਹ ਗੁਰੂ ਸਾਹਿਬ ਬਾਰੇ ਪੁੱਛਦੇ ਪੁੱਛਦੇ ਨੰਦੇੜ ਪੁੱਜ ਗਏ। ਸੈਨਾਪਤਿ ਅਨੁਸਾਰ ਇਹ ਪਠਾਣ ਗੁਰੂ ਸਾਹਿਬ ਪਾਸ ਦੂਜੇ ਤੀਜੇ ਦਿਨ ਆਉਂਦੇ ਰਹਿੰਦੇ ਤੇ ਬੈਠ ਕੇ ਚਲੇ ਜਾਂਦੇ। ਇਕ ਸ਼ਾਮ ਨੂੰ ਜਦੋਂ ਗੁਰੂ ਸਾਹਿਬ ਆਰਾਮ ਕਰ ਰਹੇ ਸਨ ਅਤੇ ਉਨ੍ਹਾਂ ਦਾ ਸੇਵਾਦਾਰ ਵੀ ਲਾਗੇ ਹੀ ਸੁੱਤਾ ਪਿਆ ਸੀ ਤਾਂ ਇਨ੍ਹਾਂ ਪਠਾਣਾਂ ਵਿਚੋਂ ਇੱਕ ਨੇ ਹੌਲੀ-ਹੌਲੀ ਅੰਦਰ ਦਾਖਿਲ ਹੋ ਕੇ ਗੁਰੂ ਜੀ ਦੇ ਖੱਬੇ ਪਾਸੇ ਦਿਲ ਦੇ ਲਾਗੇ ਛੁਰਾ ਖੋਭ ਦਿੱਤਾ। ਦੂਜਾ ਵਾਰ ਕਰਨ ਤੋਂ ਪਹਿਲਾਂ ਗੁਰੂ ਜੀ ਨੇ ਆਪਣੀ ਤਲਵਾਰ ਨਾਲ ਉਸ ਪਠਾਣ ਨੂੰ ਖਤਮ ਕਰ ਦਿਤਾ। ਬਾਹਰ ਖੜੇ ਦੂਜੇ ਪਠਾਣ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਨੇ ਉਸ ਨੂੰ ਵੀ ਮਾਰ ਦਿੱਤਾ।

ਗੁਰੂ ਸਾਹਿਬ ਚੰਗੀ ਦੇਖ ਭਾਲ ਤੇ ਇਲਾਜ ਕਾਰਨ ਰਾਜ਼ੀ ਹੋ ਗਏ। ਮੈਕਾਲਿਫ ਅਨੁਸਾਰ ਬਹਾਦਰ ਸ਼ਾਹ ਨੇ ਗੁਰੂ ਜੀ ਦੀ ਬਿਮਾਰ ਪੁਰਸੀ ਲਈ, ਆਦਮੀ ਭੇਜੇ ਤੇ ਨਾਲ ਤੋਹਫ਼ੇ ਵਜੋਂ ਇੱਕ ਕਮਾਨ ਵੀ ਭੇਜੀ। ਗੁਰੂ ਸਾਹਿਬ ਨੇ ਉਸ ਕਮਾਨ ਦਾ ਚਿੱਲਾ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਜਿਸ ਨਾਲ ਉਨ੍ਹਾਂ ਦੇ ਜ਼ਖ਼ਮ ਮੁੜ ਖੁਲ੍ਹ ਗਏ ਤੇ ਬਹੁਤ ਸਾਰਾ ਖੂਨ ਵਗ ਗਿਆ ਜਿਸ ਦੇ ਫਲ ਸਰੂਪ ਉਹ ਜੋਤੀ ਜੋਤ ਸਮਾ ਗਏ। ਉਨ੍ਹਾਂ ਦੇ ਜੋਤੀ ਜੋਤ ਸਮਾਉਣ ਪਿਛੋਂ ਸਿੱਖਾਂ ਵਿੱਚ ਦੇਹ ਧਾਰੀ ਗੁਰੂਆਂ ਦੀ ਪਰੰਪਰਾ ਖ਼ਤਮ ਹੋ ਗਈ। ਮੈਕਾਲਿਫ ਦੇ ਸ਼ਬਦਾਂ ਵਿਚ ਗੁਰੂ ਸਾਹਿਬ ਨੇ ਆਪਣੇ ਅੰਤਿਮ ਸੰਦੇਸ਼ ਵਿਚ ਆਖਿਆ, "ਮੈਂ ਤੁਹਾਨੂੰ ਅਮਰ ਪ੍ਰਮਾਤਮਾ ਦੇ ਸਪੁਰਦ ਕਰ ਰਿਹਾ ਹਾਂ। ਸਦਾ ਉਸ ਪਰਮਾਤਮਾ ਦੀ ਰੱਖਿਆ ਥੱਲੇ ਰਹੋ ਤੇ ਉਸ ਤੋਂ ਇਲਾਵਾ ਕਿਸੇ ਹੋਰ ਵਿਚ ਵਿਸ਼ਵਾਸ ਨਾ ਰੱਖੋ। ਜਦੋਂ ਵੀ ਗੁਰੂ-ਸਿਖਿਆ ਉੱਤੇ ਚਲਣ ਵਾਲੇ ਪੰਜ ਸਿੱਖ ਇਕੱਠੇ ਹੋਣ ਮੈਨੂੰ ਉਨ੍ਹਾਂ ਵਿਚਕਾਰ ਸਮਝੋ। ...... ਹੁਣ ਤੋਂ ਗੁਰੂ ਖਾਲਸਾ ਹੋਵੇਗਾ ਤੇ ਖਾਲਸਾ ਗੁਰੂ। ਮੈਂ ਆਪਣੀ ਅੰਦਰੂਨੀ ਰੂਹ ਤੇ ਬਾਹਰਲੀ ਸ਼ਖਸ਼ੀਅਤ ਗੁਰੂ ਗ੍ਰੰਥ ਸਾਹਿਬ ਅਤੇ ਖਾਲਸੇ ਵਿੱਚ ਭਰ ਦਿੱਤੀ ਹੈ।" ਇਸ ਤਰ੍ਹਾਂ ਗੁਰੂ ਸਾਹਿਬ ਨੇ ਸਿੱਖ ਪੰਥ ਦੀ ਸੰਸਾਰਕ ਅਗਵਾਈ ਖਾਲਸੇ ਨੂੰ ਅਤੇ ਆਤਮਿਕ ਅਗਵਾਈ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਦਿੱਤੀ।



www.AKJ.Org

# ਸਿਮਰਨ ਦੀ ਬਰਕਤ

(ਇੱਕ) ਬੀਬੀ)

ਜਦੋ ਸੜਦੀ ਬਲਦੀ ਧਰਤੀ ਦਾ ਸੀਨਾ ਹਾਰਨ ਲਈ ਸਾਵਣ ਦੀਆਂ ਕਾਲੀਆਂ ਘਨਘੋਰ ਘਟਾਵਾਂ ਛਾਉਂਦੀਆਂ ਹਨ ਤਾਂ ਕੁਦਰਤ ਦਾ ਰੁਮਾਂਚਿਕ ਰੰਗ ਦੇਖ ਕੇ ਗੁਰਸਿਖਾਂ ਦੇ ਮਨਾਂ ਵਿੱਚ ਵੀ ਪ੍ਰੇਮ ਘਟਾਵਾਂ ਦੀਆਂ ਘੋਰਾਂ ਪੈਂਦੀਆਂ ਹਨ। ਸਿਰਜਨਹਾਰ ਦੀ ਰਚਨਾ ਦੇ ਸੋਹਣੇ ਰੰਗ ਦੇਖ ਕੇ " ਬਲਿਹਾਰੀ ਕੁਦਰਤ ਵਸਿਆ" ਦੇ ਅਰਥਾਂ ਦੀ ਸਮਝ ਆਉਣ ਲਗਦੀ ਹੈ। ਗੂੜ੍ਹੀ ਛਹਿਬਰ ਦੀ ਰਿਮ ਝਿਮ ਦੇਖ ਵੈਰਾਗ ਦੇ ਹੰਝੂਆਂ ਦੀ ਝੜੀ ਲਗ ਜਾਂਦੀ ਹੈਤੇ ਸਿਮਰਨ ਦੇ ਸੋਮੇ ਫੁਟਣੇ ਸ਼ੁਰੂ ਹੋ ਜਾਂਦੇ ਹਨ।

ਇਕ ਵਾਰੀ ਇਸੇ ਤਰ੍ਹਾਂ ਦੀ ਬਰਸਾਤ ਸੀ। ਇਕ ਗੁਰੂ ਦੇ ਪ੍ਰੇਮ ਵਿਚ ਰੰਗੀ ਹੋਈ ਲੜਕੀ ਕਿਸੇ ਦੇ ਘਰ ਮਹਿਮਾਨ ਬਣ ਕੇ ਆਈ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਲੇ ਕਮਰੇ ਵਿਚ ਬੈਠ ਕੇ ਉਸਨੇ ਬਰਸਾਤ ਦਾ ਰੰਗ ਮਾਣਦਿਆਂ, ਨਾਮ ਬਾਣੀ ਦੇ ਲਾਹੇ ਪ੍ਰਾਪਤ ਕੀਤੇ। ਵੈਰਾਗ ਦੇ ਹੰਝੂਆਂ ਦੀਆਂ ਲੜੀਆਂ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਸਜਾਈਆਂ। ਬਰਸਾਤ ਬੰਦ ਹੋਈ ਤਾਂ ਲਹਿੰਦੇ ਸੂਰਜ ਦੇ ਰੰਗਾਂ ਨੇ ਬਦਲਾਂ ਵਿਚੋਂ ਦੀ ਝਾਤੀਆਂ ਮਾਰ ਮਾਰ ਕੇ ਸਾਰਾ ਅਸਮਾਨ ਰੰਗਾਂ ਨਾਲ ਲਾਲੋ ਲਾਲ ਕਰ ਦਿੱਤਾ। ਬੱਦਲਾਂ ਦਿਆਂ ਕਿਨਾਰਿਆਂ ਉਤੇ ਚਮਕਦੇ ਪ੍ਰਕਾਸ਼ ਦੀਆਂ ਝਾਲਰਾਂ ਲਟਕਦੀਆਂ ਤੇ ਫਿਰ ਅਲੋਪ ਹੋ ਜਾਂਦੀਆਂ। ਕਦੀ ਬੱਦਲਾਂ ਓਹਲਿਓਂ ਸੂਰਜ ਦੀਆਂ ਕਿਰਨਾਂ ਦੀਆਂ ਫੁਹਾਰਾਂ ਦੇ ਗੁਬਾਰ ਫੁਟ ਫੁਟ ਕੇ ਨਿਕਲਦੇ ਰਹਿਰਾਸ ਸਾਹਿਬ ਦਾ ਪਾਠ ਕਰਨ ਲਈ ਉਸ ਘਰ ਵਿਚ ਸਿੰਘਣੀ ਉਸ ਲੜਕੀ ਕੋਲ ਆ ਕੇ ਬੈਠ ਗਈ ਤੇ ਪਾਠ ਕਰਨਾ ਸ਼ੁਰੂ ਕੀਤਾ। ਪਾਠ ਦੀ ਸਮਾਪਤੀ ਹੋਈ ਪਰ ਲੜਕੀ ਉਠ ਕੇ ਅਰਦਾਸ ਲਈ ਖੜੀ ਨਾ ਹੋ ਸਕੀ ਕਿਉਂਕਿ ਉਸਦੀ ਸਮਾਧੀ ਲੱਗੀ ਹੋਈ ਸੀ। ਸਿੰਘਣੀ ਚਾਹੁੰਦੀ ਸੀ ਕਿ ਲੜਕੀ ਨਿਤਨੇਮ ਦੀ ਸਮਾਪਤੀ ਕਰਕੇ ਪ੍ਰਸ਼ਾਦਾ ਛਕ ਲਵੇ ਤਾਂ ਜੋ ਉਹ ਰਸੋਈ ਦੇ ਕੰਮ ਤੋਂ ਵੇਹਲੀ ਹੋ ਸਕੇ ਪਰ ਲੜਕੀ ਦੀ ਤਾਂ ਐਸੀ ਸਮਾਧੀ ਲੱਗੀ ਕਿ ਉਡੀਕਦਿਆਂ ਉਡੀਕਦਿਆਂ ਅੱਧੀ ਰਾਤ ਹੋ ਗਈ। ਉਹ ਸਿੰਘਣੀ ਥਕਾਵਟ ਕਰਕੇ ਕੰਧ ਨਾਲ ਢਾਸਣਾ ਲਗਾ ਕੇ ਬੈਠ ਗਈ। ਥੋੜ੍ਹੀ ਦੇਰ ਪਿਛੋਂ ਉਸਨੇ ਮਹਿਸੂਸ ਕੀਤਾ ਕਿ ਕੰਧ ਹਿਲਦੀ ਹੈ। ਬੜੀ ਅਸਚਰਜ ਹੋ ਕੇ ਤੇ ਖੁਸ਼ੀ ਨਾਲ ਗਦ ਗਦ ਹੋ ਕੇ ਉਸਨੇ ਭਾਈ ਰਣਧੀਰ ਸਿੰਘ ਜੀ ਦੀ ਕਿਤਾਬ "ਰੰਗਲੇ ਸੱਜਣ" ਵਿੱਚ ਲਿਖੀ ਇਕ ਸਿੰਘ ਦੀ ਜੀਵਨ ਕਹਾਣੀ ਯਾਦ ਕੀਤੀ ਜਿਸ ਵਿਚ ਭਾਈ ਸਾਹਿਬ ਨੇ ਲਿਖਿਆ ਹੈ ਕਿ ਉਸ ਸਿੰਘ ਦੇ ਸਿਮਰਨ ਨਾਲ ਕਮਰੇ ਦੀਆਂ ਕੰਧਾਂ ਹਿੱਲਣ ਲਗ ਪੈਂਦੀਆਂ ਸੀ। ਅੱਜ ਇਸ ਲੜਕੀ ਉਤੇ ਵੀ ਤਾਂ ਨਾਮ ਦਾ ਰੰਗ ਪੂਰੀ ਤਰ੍ਹਾਂ ਸੀ। ਲੜਕੀ ਦੇ ਸਿਮਰਨ ਦੇ ਅਸਰ ਨਾਲ ਹੀ ਕੰਧ ਹਿਲਦੀ ਹੈ ਇਹ ਸੋਚ ਕੇ ਉਸ ਔਰਤ ਨੇ ਬਾਰ ਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਸਿਰ ਨਿਵਾਇਆ ਤੇ ਭਗਤੀ ਦੇ ਸੋਹਣੇ ਰੰਗ ਦਿਖਾਉਣ ਲਈ ਲੱਖ ਲੱਖ ਵਾਰ ਸ਼ੁਕਰਾਨਾ ਕੀਤਾ।

ਰਾਤ ਦੇ ਤਿੰਨ ਕੁ ਵਜੇ ਨਾਲ ਉਸ ਲੜਕੀ ਨੇ ਆਪਣੀ ਚੌਕੜੀ ਖੋਲ੍ਹੀ ਤੇ ਪਰਸ਼ਾਦਾ ਛਕਿਆ। ਲੜਕੀ ਉਸ ਘਰ ਵਿੱਚ ਕੁਝ ਦਿਨ ਠਹਿਰ ਕੇ ਚਲੇ ਗਈ ਪਰ ਉਸ ਸਿੰਘਣੀ ਦਾ ਨੇਮ ਬਣ ਗਿਆ ਕਿ ਰਹਿਰਾਸ ਸਾਹਿਬ ਦੀ ਸਮਾਪਤੀ ਪਿਛੋਂ ਉਹ ਕੁਝ ਦੇਰ ਉਸੇ ਹੀ ਥਾਂ ਉਤੇ ਕੰਧ ਨਾਲ ਢਾਸਣਾ ਲਗਾ ਕੇ ਬੈਠਦੀ ਅਤੇ ਉਸ ਦਿਨ ਵਾਲੀ ਗੱਲ ਯਾਦ ਕਰਕੇ ਸਿਮਰਨ ਕਰਦੀ ਰਬ ਅੱਗੇ ਦੁਬਾਰਾ ਉਸੇ ਤਰ੍ਹਾਂ ਦਾ ਨਜ਼ਾਰਾ ਦੇਖਣ ਲਈ ਅਰਦਾਸ ਕਰਦੀ। ਤਕਰੀਬਨ ਦੋ ਸਾਲ ਉਹ ਇਸੇ ਤਰ੍ਹਾਂ ਹੀ ਸੱਚੇ ਪਾਤਿਸ਼ਾਹ ਅਗੇ ਜੋਦੜੀ ਕਰਕੇ ਉਸ ਕੋਲੋਂ ਸਿਮਰਨ ਦੀਆਂ ਬਰਕਤਾਂ ਮੰਗਦੀ ਰਹੀ ਤੇ ਇਕ ਦਿਨ ਫਿਰ ਉਸੇ ਤਰ੍ਹਾਂ ਹੀ ਬਰਸਾਤ ਦੇ ਰੰਗਾਂ ਨੇ ਆਪਣੀ ਚਹਿਲ ਪਹਿਲ ਨਾਲ ਸੋਹਣੀ ਕੁਦਰਤ ਦੇ ਵਾਲੀ ਦੀ ਯਾਦ ਦੁਆਈ, ਉਸੇ ਤਰ੍ਹਾਂ ਹੀ ਉਹ ਕੰਧ ਨਾਲ ਢਾਸਣਾ ਲਗਾ ਕੇ ਬੈਠੀ ਹੋਈ ਸੀ ਕਿ ਕੰਧ ਕੰਬਣ ਲਗੀ। ਉਸਦੀ ਖੁਸ਼ੀ ਅਤੇ ਅਸਚਰਜਤਾ ਦੀ ਕੋਈ ਹੱਦ ਨਾ ਰਹੀ। ਥੋੜ੍ਹੀ ਦੇਰ ਕੰਧ ਕੰਬੀ ਤੇ ਫਿਰ ਹਟ ਗਈ ਪਰ ਉਸਦੇ ਸਿਮਰਨ ਦੇ ਉਛਾਲੇ ਵਧਦੇ ਗਏ। ਕਾਫੀ ਰਾਤ ਹੋ ਗਈ। ਸ਼ੁਕਰਾਨਾ ਕਰਦੀ ਹੋਈ ਨੇ ਸਤਿਗੁਰੂ ਸੱਚੇ ਪਾਤਿਸ਼ਾਹ ਦਾ ਸੁਖ ਆਸਣ ਕੀਤਾ ਤੇ ਚੰਦਰਮਾ ਨੂੰ ਦੇਖਣ ਲਈ ਬਾਹਰ ਵੇਹੜੇ ਵਿਚ ਘੁੰਮਣ ਲੱਗ ਪਈ। ਹੁਣ ਉਸ ਨੂੰ ਇਹ ਖਿਆਲ ਆਉਣ ਲੱਗ ਪਿਆ ਕਿ ਅੱਜ ਕਿਹੜੀ ਸਿਮਰਨ ਦੀ ਸ਼ਕਤੀ ਨਾਲ ਕੰਧਾਂ ਹਿੱਲੀਆਂ ? ਉਸਨੂੰ ਆਪਣੇ ਬਾਰੇ ਤਾਂ ਪੂਰਾ ਗਿਆਨ ਸੀ ਕਿ ਉਸਦੇ ਸਿਮਰਨ ਵਿਚ ਏਨੀ ਸ਼ਕਤੀ ਨਹੀਂ ਹੈ ਕਿ ਕੰਧਾਂ ਹਿੱਲਣ ਲਗ ਪੈਣ......। ਇਹਨਾ ਸੋਚਾਂ ਵਿਚ ਡੁੱਬੀ ਹੋਈ ਉਹ ਚੁਬਾਰੇ ਦੀ ਕੰਧ ਨਾਲ ਖੜੀ ਹੋ ਕੇ ਚੰਦਰਮਾ ਵਲ ਦੇਖ ਰਹੀ ਸੀ ਕਿ ਦੁਬਾਰਾ ਕੰਧ ਕੰਬਣ ਲਗੀ- ਨਾਲ ਹੀ ਦੂਰੋਂ ਰੇਲ ਗਡੀ ਦੀਆਂ ਚੀਕਾਂ ਨੇ ਉਸਦਾ ਧਿਆਨ ਆਪਣੀ ਵਲ ਖਿੱਚਿਆ। ਫਿਰ ਜਿਉਂ ਜਿਉਂ ਗੱਡੀ ਨੇੜੇ ਆਉਂਦੀ ਗਈ ਉਸਦੀ ਧਮਕ ਨਾਲ ਕੰਧ ਜ਼ਿਆਦਾ ਕੰਬਣ ਲੱਗੀ ਤੇ ਜਿਉਂ ਜਿਉਂ ਦੂਰ ਜਾਂਦੀ ਗਈ ਕੰਧ ਦਾ ਕਾਂਬਾ ਘਟਦਾ ਘਟ ਗਿਆ--। ਕੰਧ ਦੇ ਕਾਂਬੇ ਦੀ ਸਮਝ ਆ ਗਈ ਮੀਂਹ ਵਰ੍ਹਨ ਪਿਛੋਂ ਗਡੀ ਦੀ ਧਮਕ ਦਾ ਅਸਰ ਦੂਰ ਤਕ ਜਾਣ ਦਾ ਕਾਰਨ ਪਤਾ ਲੱਗ ਗਿਆ।

ਪਰ ਉਹ ਫਿਰ ਵੀ ਉਸ ਭੁਲੇਖੇ ਦਾ ਸ਼ੁਕਰਾਨਾ ਕਰਨਾ ਚਾਹੁੰਦੀ ਸੀ ਜਿਸ ਨੇ ਉਸਨੂੰ ਦੋ ਸਾਲ ਤਕ ਇਕ ਰੰਗੀਨ ਨਜ਼ਾਰੇ ਨਾਲ ਜੋੜੀ ਰੱਖਿਆ। ਨਿੱਖਰੇ ਹੋਏ ਅਕਾਸ਼ ਵਿਚ ਲਟਕਦੇ ਚੰਦਰਮਾ ਨੂੰ ਸਖੀ ਸਹੇਲੀ ਸਮਝ ਕੇ ਉਹ ਚੰਦਰਮਾ ਨੂੰ ਸੁਣਾ ਕੇ ਗਾਉਣ ਲੱਗ ਪਈ---

ਸੁਣ ਸਖੀਏ ਮੇਰੀ ਨੀਂਦ ਭਲੀ ਮੈ ਆਪਨੜਾ ਪਿਰ ਮਿਲਿਆ



www.AKJ.Org

# ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ

ਜਿਵੇਂ ਰਸਨਾ (ਜੀਭ) ਨਾਲ ਨਾਮ ਜਪਣ ਵੇਲੇ ਮੂੰਹ ਖੁੱਲ੍ਹ ਜਾਂਦਾ ਹੈ ਅਤੇ ਜੀਭ ਹਰਕਤ ਵਿੱਚ ਆ ਜਾਂਦੀ ਹੈ ਇਉਂ ਹੀ ਗੁਰਮੁਖ ਪਿਆਰੇ ਜਦੋਂ ਰੋਮਾਂ (ਸਰੀਰ ਦੇ ਵਾਲਾਂ) ਰਾਹੀਂ ਨਾਮ ਜਪਦੇ ਹਨ ਤਾਂ ਉਨ੍ਹਾਂ ਦੇ ਸਰੀਰ ਵਿੱਚ ਚੇਤਨਤਾ ਆ ਜਾਂਦੀ ਹੈ, ਹਰ ਰੋਮ ਦੇ ਦੁਆਲੇ ਉੱਖਲੀ (ਡੂੰਘ) ਬਣ ਜਾਂਦੀ ਹੈ ਅਤੇ ਮੂੰਹ ਵਿਚ ਜੀਭ ਵਾਂਗ ਰੋਮ ਹਿੱਲਣ ਲੱਗ ਜਾਂਦੇ ਹਨ, ਹਰ ਰੋਮ ਵਿੱਚੋਂ ਨਾਮ ਦੇ ਫੁਰਾਟੇ ਵੱਜਣ ਲੱਗ ਪੈਂਦੇ ਹਨ ਤੇ ਗੁਰਮੰਤ੍ਰ ਦੀ ਆਵਾਜ਼ ਸਾਫ ਸੁਣਾਈ ਦੇਣ ਲੱਗ ਪੈਂਦੀ ਹੈ।

ਜੇ ਕਿਸੇ ਦੀ ਜੀਭ ਕੱਟੀ ਜਾਏ ਤਾਂ ਉਹ ਬੋਲ ਨਹੀਂ ਸਕਦਾ। ਇਉਂ ਹੀ ਜਿਹੜੇ ਮਨੁੱਖ ਵਾਲ ਸਫਾ ਚੱਟ ਕਰਾ ਲੈਂਦੇ ਹਨ ਉਹ ਰੋਮਿ ਰੋਮਿ ਹਰਿ-ਨਾਮ ਨਹੀਂ ਜਪ ਸਕਦੇ। ਮਨੁੱਖ, ਜਿਸ ਦਾ ਜੀਵਨ ਉਦੇਸ਼ ਨਾਮ-ਜਾਪ ਦੁਆਰਾ ਪ੍ਰਭੂ ਨਾਲ ਇੱਕ-ਮਿੱਕ ਹੋਣਾ ਹੈ, ਉਹ ਰੋਮ ਕਟਵਾ ਕੇ ਘਾਟੇ ਦਾ ਸੌਦਾ ਕਰ ਬੈਠਦਾ ਹੈ ਅਤੇ ਅਮੋਲਕ ਜੀਵਨ ਨੂੰ ਮਾਇਆ ਦੇ ਰਸਾਂ ਕਸਾਂ ਵਿੱਚ ਗਲਤਾਨ ਕਰ ਕੇ ਜਨਮ-ਮਰਨ ਦੇ ਗੇੜ ਵਿੱਚ ਹੀ ਪਿਆ ਰਹਿੰਦਾ ਹੈ। ਇੱਸੇ ਹੀ ਮੁੱਖ ਕਾਰਨ ਨੂੰ ਧਿਆਨ ਵਿੱਚ ਰੱਖਦਿਆਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਰੋਮਾਂ ਦੀ ਬੇਅਦਬੀ ਕਰਨ ਨੂੰ *'ਬਜਰ ਕੁਰਹਿਤ'* ਗਰਦਾਨਿਆ ਹੈ। ਗੁਰੂ ਨਾਨਕ ਦੇਵ ਜੀ ਨੇ ਗੁਰਮੁਖਿ ਦੀ ਕਰਨੀ ਨੂੰ ਇਉਂ ਬਿਆਨ ਕੀਤਾ ਹੈ :-

ਗੁਰਮੁਖਿ ਸਾਚੇ ਕਾ ਭਉ ਪਾਵੈ।।
ਗੁਰਮੁਖਿ ਬਾਣੀ ਅਘੜੁ ਘੜਾਵੈ।।
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ।।
ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ।।
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ।।
ਨਾਨਕ ਗੁਰਮੁਖਿ ਸਾਚਿ ਸਮਾਵੈ।।

(ਸਿਧਿ ਗੋਸਟਿ, ਪੰਨਾ ੯੪੧)

---

**ਤ੍ਰਿਪਤਿ ਭਈ ਸਚੁ ਭੋਜਨੁ ਖਾਇਆ।। ਮਨਿ ਤਨਿ ਰਸਨਾ ਨਾਮੁ ਧਿਆਇਆ।।**

(ਧਨਾਸਰੀ ਮ: ੫, ਪੰਨਾ ੬੮੪)

# ਵਿਜੇ ਪਾਈ ਖੰਡੇ ਦੇ ਧਾਰੇ

(ਸੰਤਾ ਸਿੰਘ ਆਜਿਜ਼)

ਜਦੋਂ ਮੁਗਲਾਂ ਨੇ ਅਤਿ ਮਚਾਈ, ਭਾਰਤੀਆਂ ਤੇ ਅੱਗ ਬਰਸਾਈ।
ਜਦੋਂ ਧਰਮਾਂ ਨੂੰ ਲੱਗਾ ਸੇਕ, ਸੜੇ ਨੇਮ ਤੇ ਰੁੜ੍ਹੇ ਬਿਬੇਕ।
ਪੂਜਾ, ਅਰਚਾ, ਸੰਧਿਆ ਭੁਲ ਗਈ, ਆਰਤੀ ਦੀ ਮਰਿਆਦਾ ਰੁਲ ਗਈ।
ਤੀਰਥ, ਬਰਤ, ਦਾਨ ਪਏ ਫਿਕੇ, ਜੰਞੂ ਲਹੇ ਤੇ ਮਿਟ ਗਏ ਟਿੱਕੇ।
ਔਰੰਗੇ ਦਾ ਸੀ ਫੁਰਮਾਨ, ਕਰੋ ਕਾਫਰਾਂ ਦਾ ਕਤਲਾਮ।
ਹਿੰਦੂ ਤੱਵ ਦਾ ਕੁਫਰ ਮਿਟਾਓ, ਦੀਨ ਅਸਲਾਮ ਦਾ ਨੂਰ ਫੈਲਾਓ।
ਭੁੱਲ ਜਾਣ ਹਿੰਦੂ ਰੀਤ ਰਵਾਜ਼, ਰੱਖਣ ਰੋਜੇ ਪੜ੍ਹਣ ਨਿਮਾਜ਼।
ਕੱਟਰ ਕਾਜ਼ੀਆਂ ਬਦਲੇ ਤੌਰ, ਵਰਤਿਆ ਫਿਰ ਅਸਲਾਮੀ ਦੌਰ
ਰਾਜਪੂਤ ਰਜਵਾੜੇ ਝੁੱਕ ਗਏ, ਡਰ ਕੇ ਵਿਚ ਗੁਫਾਵਾਂ ਲੁੱਕ ਗਏ।
ਕੁੱਝ ਅਣਖੀ ਰਣ ਵਿਚ ਲੜਹਾਰੇ, ਬੰਦੀ ਬਣ ਗਏ ਕਈ ਮਾਰੇ।
ਧਰਮ ਕਰਮ ਦੀ ਹੋ ਗਈ ਹਾਨੀ, ਜਾਨਮਾਲ ਧੰਨ ਦੀ ਵੀਰਾਨੀ।
ਸੁਣ ਦੁਖੀਆਂ ਦੀਆਂ ਹਾਲ ਪੁਕਾਰਾਂ, ਬਹੁੜ ਪਈਆਂ ਸੱਚੀਆਂ ਸਰਕਾਰਾਂ।
ਪੌਹਲ ਪਿਲਾ ਕੇ ਕਲਗੀਆਂ ਵਾਲੇ, ਮਰੇ ਭਾਰਤੀ ਫੇਰ ਜੀਵਾਲੇ।
ਭਾਰਤੀ ਅਣਖ ਨੂੰ ਝੂਣ ਜਗਾਇਆ, ਅਕਾਲੀ ਪੰਥ ਸਜਾਇਆ।
ਰਣ ਵਿਚ ਸਿੰਘ ਸੂਰਮੇ ਗੱਜੇ, ਖਾ ਕੇ ਮਾਰ ਸਿਤਮਗਰ ਭੱਜੇ।
ਮੁਗਲ ਪਠਾਣ ਸਿੰਘਾਂ ਤੋਂ ਹਾਰੇ, ਵਿਜੇ ਪਾਈ ਖੰਡੇ ਦੇ ਧਾਰੇ।
ਸੁਣੋ, ਐ, ਦੁਸਟ ਸਿੰਘਾਰਨ ਵਾਲੇ, ਰੁੜਦਾ ਧਰਮ ਉਬਾਰਨ ਵਾਲੇ।
ਅਜ ਵੀ ਸਮੇਂ ਨੇ ਬਦਲੇ ਤੌਰ, ਛਾਇਆ ਜੋਰ ਜ਼ੁਲਮ ਦਾ ਦੌਰ।
ਕੌਮ ਦੀ ਹੋ ਰਹੀ ਅੱਜ ਰੁਸਵਾਈ, ਫੁੱਟ ਚੰਦਰੀ ਨੇ ਮਾਰ ਮੁਕਾਈ।
ਪਤਿਤ ਪੁਣੇ ਦਾ ਝੱਖੜ ਝੁੱਲਦਾ, ਕੌਮ ਦਾ ਗੌਰਵ ਵਿਰਸਾ ਰੁਲਦਾ।
ਕੌਮ ਤੇਰੀ ਦਾ ਮੰਦੜਾ ਹਾਲ, ਮਰਦੀ ਪਈ ਨੂੰ ਫੇਰ ਜ਼ਵਾਲ।



www.AKJ.Org

# ਬੇਨਤੀ

ਰਾਖਹੁ ਅਪਨੀ ਸਰਣਿ ਪ੍ਰਭ, ਮੋਹਿ ਕਿਰਪਾ ਧਾਰੇ।।
ਸੇਵਾ ਕਛੂ ਨ ਜਾਨਊ, ਨੀਚੁ ਮੂਰਖਾਰੇ।।੧।।
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ।।
ਹਮ ਅਪਰਾਧੀ ਸਦ ਭੂਲਤੇ, ਤੁਮ ਬਖਸਨਹਾਰੇ।।੧।।ਰਹਾਉ।।
ਹਮ ਅਵਗਨ ਕਰਹ ਅਸੰਖ ਨੀਤਿ, ਤੁਮ ਨਿਰਗੁਨ ਦਾਤਾਰੇ।।
ਦਾਸੀ ਸੰਗਤਿ ਪ੍ਰਭੂ ਤਿਆਗਿ, ਏ ਕਰਮ ਹਮਾਰੇ।।੨।।
ਤੁਮ ਦੇਵਹੁ ਸਭੁ ਕਿਛੁ ਦਇਆ ਧਾਰਿ, ਹਮ ਅਕਿਰਤਘਨਾਰੇ।।
ਲਾਗਿ ਪਰੇ ਤੇਰੇ ਦਾਨ ਸਿਉ, ਨਹ ਚਿਤਿ ਖਸਮਾਰੇ।।੩।।
ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ।।
ਕਹੁ ਨਾਨਕ ਸਰਣਿ ਦਇਆਲ ਗੁਰ, ਲੇਹੁ ਮੁਗਧ ਉਧਾਰੇ।।੪।। ੪।। ੩੪।।

(ਬਿਲਾਵਲੁ ਮਹਲਾ ੫, ਪੰਨਾ ੮੦੯)

(ਹੇ ਪ੍ਰਭੂ ! ਮੇਰੇ ਤੇ ਕਿਰਪਾ ਕਰ ਕੇ ਮੈਨੂੰ ਆਪਣੀ ਸਰਨ ਵਿੱਚ ਰੱਖ) ਮੈਂ ਨੀਚ ਹਾਂ, ਮੂਰਖ ਹਾਂ। ਮੈਨੂੰ ਤੇਰੀ ਸੇਵਾ-ਭਗਤੀ ਕਰਨ ਦੀ ਜਾਚ ਨਹੀਂ ਹੈ।੧।

ਹੇ ਮੇਰੇ ਪ੍ਰੀਤਮ ਪਿਆਰੇ ! ਅਸੀਂ ਅਪਰਾਧੀ ਸਦਾ ਭੁੱਲਾਂ ਕਰਦੇ ਰਹਿੰਦੇ ਹਾਂ, ਤੂੰ ਬਖਸ਼ਣਹਾਰ ਹੈ। ਮੈ ਤੇਰੇ ਉਤੇ ਹੀ ਮਾਣ ਕਰਦਾ ਹਾਂ।੧।ਰਹਾਉ।

ਹੇ ਪ੍ਰਭੂ ! ਅਸੀਂ ਸਦਾ ਹੀ ਅਣਗਿਣਤ ਔਗੁਣ ਕਰਦੇ ਰਹਿੰਦੇ ਹਾਂ, ਤੂੰ ਫਿਰ ਵੀ ਸਾਨੂੰ ਗੁਣ-ਹੀਣਾਂ ਨੂੰ ਅਨੇਕ ਦਾਤਾਂ ਦੇਣ ਵਾਲਾ ਹੈ। ਹੇ ਪ੍ਰਭੂ ! ਸਾਡੇ ਕਰਮ ਤਾਂ ਇਹ ਹਨ ਕਿ ਅਸੀਂ ਤੈਨੂੰ ਭੁਲਾ ਕੇ ਤੇਰੀ ਦਾਸੀ (ਮਾਇਆ) ਦੀ ਸੰਗਤ ਵਿੱਚ ਟਿਕੇ ਰਹਿੰਦੇ ਹਾਂ।੨।

ਹੇ ਪ੍ਰਭੂ ! ਅਸੀਂ ਅਕਿਰਤਘਣ (ਨਾ-ਸ਼ੁਕਰੇ) ਹਾਂ, ਤੂੰ ਫੇਰ ਵੀ ਦਇਆ (ਮੇਹਰ) ਕਰ ਕੇ ਸਾਨੂੰ ਸਭ ਕੁਝ ਦੇਂਦਾ ਹੈ। ਹੇ ਖਸਮ-ਪ੍ਰਭੂ ! ਅਸੀਂ ਤੈਨੂੰ ਆਪਣੇ ਚਿੱਤ ਵਿੱਚ ਨਹੀਂ ਵਸਾਉਂਦੇ, ਤੇਰੀਆਂ ਦਿੱਤੀਆਂ ਦਾਤਾਂ ਦੇ ਮੋਹ ਵਿੱਚ ਹੀ ਫਸੇ ਰਹਿੰਦੇ ਹਾਂ ।੩।

ਹੇ ਜਨਮ-ਮਰਨ ਦਾ ਗੇੜ ਕੱਟਣ ਵਾਲੇ ! ਤੇਰੇ ਹੁਕਮ ਤੋਂ ਬਾਹਰ ਕੁਝ ਵੀ ਨਹੀਂ। ਪੰਚਮ ਪਾਤਸ਼ਾਹ ਨਾਨਕ ਮੋਹਰ ਛਾਪ ਹੇਠ ਬੇਨਤੀ ਕਰਦੇ ਹਨ ਕਿ ਹੇ ਦਿਆਲੂ ਗੁਰੂ ! ਅਸੀਂ ਤੇਰੀ ਸਰਨ ਆਏ ਹਾਂ, ਸਾਨੂੰ ਮੂਰਖਾਂ ਨੂੰ ਔਗੁਣਾਂ ਭੁੱਲਾਂ ਤੋਂ ਬਚਾ ਲੈ।੪।।੪।।੩੪।।

*ਖ਼ਾਲਸੇ ਬੇਕੀਨਾ ਗੁਰੁ ਗੋਬਿੰਦ ਸਿੰਘ।।*
*ਹੱਕ ਹੱਕ ਆਈਨਾ ਗੁਰੁ ਗੋਬਿੰਦ ਸਿੰਘ।।*

*ਹੱਕ ਹੱਕ ਅੰਦੇਸ਼ ਗੁਰੁ ਗੋਬਿੰਦ ਸਿੰਘ।।*
*ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ।।*

*ਕਾਦਿਰਿ ਹਰ ਕਾਰ ਗੁਰੁ ਗੋਬਿੰਦ ਸਿੰਘ।।*
*ਬੇਕਸਾਂ ਰਾ ਯਾਰ ਗੁਰੁ ਗੋਬਿੰਦ ਸਿੰਘ।।*

*ਆ'ਲਮੇ ਰੋਸ਼ਨ ਜਿ ਗੁਰੁ ਗੋਬਿੰਦ ਸਿੰਘ।।*
*ਜਾਨਿ ਦਿਲ ਗੁਲਸ਼ਨ ਜਿ ਗੁਰੁ ਗੋਬਿੰਦ ਸਿੰਘ।।*

*ਰੂਹ ਦਰ ਹਰ ਜਿਸਮ ਗੁਰੁ ਗੋਬਿੰਦ ਸਿੰਘ।।*
*ਨੂਰ ਦਰ ਹਰ ਚਸ਼ਮ ਗੁਰੁ ਗੋਬਿੰਦ ਸਿੰਘ।।*

*ਬਾਦ ਜਾਨਸ਼ ਫ਼ਿਦਾਏ ਗੁਰੁ ਗੋਬਿੰਦ ਸਿੰਘ।।*
*ਫ਼ਰਕਿ ਓ ਬਰ ਪਾਏ ਗੁਰੁ ਗੋਬਿੰਦ ਸਿੰਘ।।*

-ਭਾਈ ਨੰਦ ਲਾਲ ਜੀ



www.AKJ.Org

# ਗ਼ਜ਼ਲ

-ਭਾਈ ਨੰਦ ਲਾਲ ਜੀ

**ਦੀਨ ਦੁਨੀਆ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾਂ।**
**ਹਰ ਦੋ ਆਲਮ, ਕੀਮਤਿ ਯਕ ਤਾਰਿ ਮੂਏ ਯਾਰਿ ਮਾ।। 1 ।।**
*ਦੀਨ ਦੁਨੀਆਂ ਹਨ ਦੋਵੇਂ ਬੱਧੇ ਅੰਦਰ ਜ਼ੁਲਫ਼ ਪਿਆਰੇ।।*
*ਇੱਕ ਇੱਕ ਕੇਸ ਸਿਰੇ ਦੇ ਉੱਤੇ, ਦੋਵੇਂ ਆਲਮ ਵਾਰੇ।। 1*
**ਮਾ ਨਮੇ ਆਰੇਮ ਤਾਬਿ ਗ਼ਮਜ਼ਾ-ਇ ਮਿਯਗ਼ਾਨਿ ਊ।**
**ਯਕ ਨਿਗਾਹਿ ਜਾਂ ਫ਼ਿਜ਼ਾਇਸ਼, ਬਸ ਬਵਦ ਦਰਕਾਰਿ ਮਾ।।2।।**
*ਝੱਲ ਨ ਸਕਾਂ ਮਸਤ ਨਜ਼ਰ ਮੈਂ, ਵਾਹਿਗੁਰੂ ਦੀ ਕਾਈ।।*
*ਇਕੋ ਨਿਗ੍ਹਾ ਵਧਾਵੇ ਜਿੰਦੜੀ, ਕਾਫੀ ਸਾਨੂੰ ਸਾਈ।। 2*
**ਗਾਹਿ ਸੂਫ਼ੀ ਗਾਹਿ ਜ਼ਾਹਿਦ ਗਾਹਿ ਕਲੰਦਰ ਮੇ ਸ਼ਵਦ।**
**ਰੰਗਹਾਇ ਮੁਖਤਲਿਫ, ਦਾਰਦ ਬੁਤਿ ਅੱਯਾਰਿ ਮਾ।। 3 ।।**
*ਸੂਫ਼ੀ ਜ਼ਾਹਦ ਮਸਤ ਕਲੰਦਰ, ਰੰਗ ਉਸੀ ਦੇ ਸਾਰੇ।।*
*ਵਸੇ ਹਰਿ ਵਿਚ ਆਪ ਪਿਆਰਾ, ਭੇਸ ਵਟਾ ਕੇ ਨਿਆਰੇ।।3*
**ਕਦਰਿ ਲਾਲਿ ਊ, ਬਜੁਜ਼ ਆਸ਼ਿਕ, ਨ ਦਾਨਦ ਹੇਚ ਕਸ।**
**ਕੀਮਤ ਯਾਕੂਤ ਦਾਨਦ, ਚਸ਼ਮਿ ਗੌਹਰ ਬਾਹਿ ਮਾ।। 4।।**
*ਗੁਰਮੁਖ ਬਾਝੋਂ ਏਸ ਰਮਜ਼ ਨੂੰ, ਹੋਰ ਨਾ ਕੋਈ ਜਾਣੇ।।*
*ਹੀਰੇ ਵਾਲੀ ਕੀਮਤ ਮੇਰੀ, ਜੌਹਰੀ ਅੱਖ ਪਛਾਣੇ।। 4*
**ਹਰ ਨਫਸ 'ਗੋਯਾ' ਬ-ਯਾਦਿ, ਨਰਗਸਿ ਮਖ਼ਮੂਰਿ ਊ।।**
**ਬਾਦਾ ਹਾਏ ਸ਼ੌਕ ਮੇ ਨੋਸ਼ਦ ਦਿਲ ਹੁਸ਼ਿਆਰਿ ਮਾ।। 5 ।।**
*ਸਾਸ ਸਾਸ ਕਰ ਯਾਦ ਉਸੀ ਦੇ, ਮਸਤ ਨੈਣ ਮਤਵਾਲੇ।।*
*ਦਿਲ ਹੁਸ਼ਿਆਰ ਅਸਾਡਾ ਪੀਂਦਾ, ਗੋਯਾ ਪ੍ਰੇਮ ਪਿਆਲੇ।। 5 ।।*

ਪੰਨਾ ੩ ਦਾ ਬਾਕੀ ....

ਛੱਕ ਕੇ ਗੁਰ ਦਰਸਾਈ ਨਾਮ ਜਪਣ ਦੀ ਕਾਰ ਕਰਦੇ ਹਨ, ਗੁਰਬਾਣੀ ਪੜ੍ਹਦੇ ਸੁਣਦੇ ਤੇ ਗਾਉਂਦੇ ਹਨ, ਉਹ ਪ੍ਰਭੂ ਦੀ ਮੇਹਰ ਸਦਕਾ ਹਮੇਸ਼ਾ ਸੁਖੀ ਰਹਿੰਦੇ ਹਨ ਅਤੇ ਅੰਤ ਵੇਲੇ ਵੀ ਉਨ੍ਹਾਂ ਨੂੰ ਜਮਾਂ ਦਾ ਡਰ ਨਹੀਂ ਪੋਂਹਦਾ।

ਹਰਿ ਕੋ ਨਾਮੁ ਸਦਾ ਸੁਖਦਾਈ।।
ਜਾ ਕਉ ਸਿਮਰਿ ਅਜਾਮਲੁ ਉਧਰਿਓ,
ਗਨਿਕਾ ਹੂ ਗਤਿ ਪਾਈ।।੧।।ਰਹਾਉ।।
ਪੰਚਾਲੀ ਕਉ ਰਾਜ ਸਭਾ ਮਹਿ
ਰਾਮ ਨਾਮ ਸੁਧਿ ਆਈ।।
ਤਾ ਕੋ ਦੂਖੁ ਹਰਿਓ ਕਰੁਣਾ ਮੈ
ਅਪਨੀ ਪੈਜ ਬਢਾਈ।।੧।।
ਜਿਹ ਨਰ ਜਸੁ ਕਿਰਪਾ ਨਿਧਿ ਗਾਇਓ
ਤਾ ਕਉ ਭਇਓ ਸਹਾਈ।।
ਕਹੁ ਨਾਨਕ ਮੈ ਇਹੀ ਭਰੋਸੈ,
ਗਹੀ ਆਨਿ ਸਰਨਾਈ।।੨।।੧।।

(ਮਾਰੂ ਮ: ੯, ਪੰਨਾ ੧੦੦੮)

ਨਾਮ ਜਪਣ ਵਾਲੇ ਗੁਰਮੁਖਾਂ ਦੇ ਪ੍ਰਭੂ ਪਰਮਾਤਮਾ ਹਰ ਵੇਲੇ ਅੰਗ ਸੰਗ ਰਹਿੰਦਾ ਹੈ, ਸਰਕਾਰੇ ਦਰਬਾਰੇ ਉਨ੍ਹਾਂ ਦਾ ਅਦਬ ਸਤਿਕਾਰ ਹੁੰਦਾ ਹੈ। ਉਨ੍ਹਾਂ ਦੀ ਕਹੀ ਗੱਲ ਹਰ ਕੋਈ ਮੰਨਦਾ ਹੈ, ਉਨ੍ਹਾਂ ਵੱਲ ਕੋਈ ਭੈੜੀ ਅੱਖ ਨਾਲ ਨਹੀਂ ਦੇਖ ਸਕਦਾ, ਹਰ ਕੋਈ ਭੈ ਖਾਂਦਾ ਹੈ। ਰੱਬ ਦੀ ਦਰਗਾਹ ਵਿੱਚ ਵੀ ਉਨ੍ਹਾਂ ਦਾ ਆਦਰ ਮਾਣ ਹੁੰਦਾ ਹੈ, ਕੋਈ ਉਨ੍ਹਾਂ ਨੂੰ ਰੇ ਰੇ, ਓਏ ਓਏ ਨਹੀਂ ਕਹਿੰਦਾ। ਗੁਰੂ ਕੇ ਸ਼ਬਦ ਦੁਆਰਾ ਨਾਮ ਦੀ ਰੰਗਣ ਵਿੱਚ ਰੰਗੇ ਹੋਏ ਸੂਰਮਿਆਂ ਨੂੰ ਪ੍ਰਭੂ ਦੀ ਹਜ਼ੂਰੀ ਵਿੱਚ ਟਿਕਾਣਾ ਮਿਲ ਜਾਂਦਾ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਗਉੜੀ ਬਾਵਨ ਅਖਰੀ' ਵਿੱਚ ਇਉਂ ਹੀ ਲਿਖਿਆ ਹੈ।

ਪਉੜੀ।।
ਰਾਰਾ ਰੰਗਹੁ ਇਆ ਮਨੁ ਅਪਨਾ।।
ਹਰਿ ਹਰਿ ਨਾਮੁ ਜਪਹੁ ਜਪੁ ਰਸਨਾ।।
ਰੇ ਰੇ ਦਰਗਹ ਕਹੈ ਨ ਕੋਊ।।
ਆਉ ਬੈਠੁ ਆਦਰੁ ਸੁਭ ਦੇਊ।।
ਉਆ ਮਹਲੀ ਪਾਵਹਿ ਤੂ ਬਾਸਾ।।
ਜਨਮ ਮਰਨ ਨਹ ਹੋਇ ਬਿਨਾਸਾ।।
ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ।।
ਹਰਿ ਸੰਪੈ ਨਾਨਕ ਘਰਿ ਤਾ ਕੈ।।੧੦।।

(ਪੰਨਾ ੨੫੨)



www.AKJ.Org

# ਦਸ਼ਮੇਸ਼–ਮਹਿਮਾ

ਨਵਦੀਪ ਸਿੰਘ, ਮੋਗਾ

1. ਚੜ੍ਹਿਆ ਸੂਰਜ ਬੱਦਲਾਂ ਦੇ ਘੇਰ ਵਿਚੋਂ।
ਪਟਨੇ ਦੀ ਪਰਤ ਰੁਸ਼ਨਾਉਣ ਵਾਲਾ।
ਅਤਿਆਚਾਰਾਂ ਦਾ ਹਨ੍ਹੇਰਾਂ ਦੂਰ ਕਰਕੇ,
ਖੇੜਾ ਖੁਸ਼ੀਆਂ ਦਾ ਸਭ ਥਾਂ ਖਿੜਾਉਣ ਵਾਲਾ।

2. ਮਾਤਾ ਗੁਜਰੀ ਦੀ ਕੁੱਖ ਨੂੰ ਧੰਨ ਆਖਾਂ,
ਸੁਹਣਾ ਚਿਹਰਾ ਨੂਰ ਫੈਲਾਉਣ ਵਾਲਾ।
ਦੇਖ ਦਰਸ ਤ੍ਰਿਪਤ ਮਨ ਸ਼ਾਂਤ ਹੋਵੇ,
ਤਪਦਿਆਂ ਹਿਰਦਿਆਂ ਨੂੰ ਠਾਰ ਪਾਉਣ ਵਾਲਾ।

3. ਲਾ ਕੇ ਇੱਟ ਦਾ ਸਿਰਹਾਣਾ ਜੰਗਲਾਂ 'ਚ,
ਪਰਮ ਪੁਰਖ ਨਿਰੰਕਾਰ ਨੂੰ ਧਿਆਉਣ ਵਾਲਾ।
ਦਿਲ ਦੇ ਟੁਕੜੇ ਵਾਰ ਕੇ ਚਾਰ ਪਿਆਰੇ,
ਸੁਹਣੀ ਸਿੱਖੀ ਦੀ ਸ਼ਾਨ ਵਧਾਉਣ ਵਾਲਾ।

4. ਖੰਡੇ ਬਾਟੇ ਦੀ ਪਾਹੁਲ ਤਿਆਰ ਕਰਕੇ,
ਮੁਰਦਾ ਕੌਮ ਨੂੰ ਸੁਤੀਉਂ ਜਗਾਉਣ ਵਾਲਾ।
ਸੁਹਣਾ ਖ਼ਾਲਸਾ ਸਿਰਜ ਕੇ ਪੰਥ ਤੀਸਰ,
ਆਪੇ ਗੁਰ ਤੇ ਚੇਲਾ ਕਹਾਉਣ ਵਾਲਾ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਗਿਪੁਦਮਨ ਸਿੰਘ ਮਲਿਕ | ੫੦੦੦/- | ਬੀਬੀ ਪਰਮਜੀਤ ਕੌਰ (ਚੜ੍ਹਾਵਾ) | ੩੦੦/- |
| ਸ੍ਰ: ਕੁਲਵੰਤ ਸਿੰਘ (ਪਿਤਾ ਦੀ ਯਾਦ ਵਿਚ) | ੨੫੦/- | ਬੀਬੀ ਰਾਜਵੰਤ ਕੌਰ | ੨੫੦/- |
| ਸ੍ਰ: ਹਰਜੀਤ ਸਿੰਘ | ੫੦/- | ਸ੍ਰ: ਕੁਲਦੀਪ ਸਿੰਘ ਦਿੱਲੀ | ੧੧੦੦/- |
| ਗੁਪਤ | ੧੦/- | ਗੁਪਤ | ੧੦੦੦/- |
| ਸ੍ਰ: ਮੋਹਨ ਸਿੰਘ | ੨੫/- | ਸ੍ਰ: ਸੰਤ ਸਿੰਘ ਜੀ | ੫੦/- |
| J. W. O. ਬਲਦੇਵ ਸਿੰਘ ਥਾਨੇ | ੭੦/- | ਬੀਬੀ ਕੁਲਦੀਪ ਕੌਰ ਗੁਪਤ | ੧੦੦/- |
| ਗੁਪਤ | ੧੦੦/- | ਸ੍ਰ: ਜਤਿੰਦਰ ਸਿੰਘ | ੧੦੧/- |
| ਸ੍ਰ: ਹਰਜੀਤ ਸਿੰਘ ਯੂ. ਐਸ. ਏ. | ੫੦੦/- | ਗੁਪਤ | ੫੦੦/- |
| ਗੁਪਤ | ੫੦/- | ਸ੍ਰ: ਮੱਖਣ ਸਿੰਘ ਦੇ ਭੋਗ ਤੇ ਚੜ੍ਹਾਵਾ | ੮੬੧/- |
| ਬੀਬੀ ਦਲੀਪ ਕੌਰ ਸਲੋਅ (ਯੂ. ਕੇ.) | ੧੦੦/- | ਸ੍ਰ: ਜਗਜੀਵਨ ਸਿੰਘ | ੫੦/- |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ | ੩੦੦੦/- | ਗੁਪਤ | ੨੦੦੦/- |
| ਸ੍ਰ: ਗੁਰਚਰਨ ਸਿੰਘ ਹੁਸ਼ਿਆਰਪੁਰ | ੨੦/- | ਰਾਇਲ ਬੈਰਿੰਗ ਕੰਪਨੀ | ੮੦੦/- |
| ਗੁਪਤ | ੧੦੦/- | ਬੀਬੀ ਦਲੀਪ ਕੌਰ ਸਲੋਅ (ਯੂ. ਕੇ.) | ੧੦੦/- |
| ਗੁਪਤ | ੪੦੦੦/- | ਗੁਪਤ | ੫੦੦੦/- |
| ਸ੍ਰ: ਪਰੀਤ ਮਹਿੰਦਰ ਸਿੰਘ | ੨੦/- | ਸ਼ੀਤਲ ਸੇਵਾਦਾਰ | ੫੦/- |
| ਸ੍ਰ: ਰਜਿੰਦਰ ਸਿੰਘ ਲੁਧਿਆਣਾ | ੫੦/- | ਸ੍ਰ: ਜੋਗਿੰਦਰ ਸਿੰਘ | ੧੦੦/- |
| ਗੁਪਤ | ੩੫੦੦/- | ਗੁਪਤ | ੩੦੦੦/- |
| ਸ੍ਰ: ਨਰਿੰਦਰ ਸਿੰਘ | ੫੦/- | ਗੁਪਤ | ੨੫੦੦/- |
| ਡਾ. ਡੀ. ਐਸ. ਦਲਵਾਰ | ੫੦/- | ਗੁਪਤ | ੩੫੦੦/- |
| ਗੁਪਤ | ੪੦੦੦/- | ਗੁਪਤ | ੨੫੦੦/- |

### ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1.ਕਿਸੇ ਵੀ ਕਿਸਮ ਦੇ ਚਿੱਠੀ ਆਦਿ ਕਰਨ ਵਾਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੇ ਜੀ। 2.ਚੈੱਕ, ਡਰਾਫਟ ਆਦਿ ਭੇਜਣ ਵੇਲੇ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਬਾਰੇ ਲਿਖੋ ਜੀ। 3.ਮਨੀਆਡਰ ਫਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰ:, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਲਿਖੋ ਜੀ।

ਸੰਪਾਦਕ

www.AKJ.Org

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਸੂਚਨਾ

1. ਸੂਰਾ ਮਾਸਿਕ ਪੱਤਰ ਵਿੱਚ ਛਪਵਾਉਣ ਲਈ, ਕਿਸੇ ਸਮਾਗਮ ਸਬੰਧੀ ਜਾਂ ਕੋਈ ਵੀ ਹੋਰ ਸੂਚਨਾ ਪਰਚੇ ਨਾਲ ਸੰਬੰਧਤ ਮਹੀਨੇ ਤੋਂ ਪਹਿਲੇ ਮਹੀਨੇ ਦੀ ਇਕ ਤਰੀਖ ਤੱਕ 'ਸੂਰਾ' ਦੇ ਉਪ-ਦਫ਼ਤਰ (ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ) ਵਿਚ ਪਹੁੰਚ ਜਾਣੀ ਚਾਹੀਦੀ ਹੈ। ਭਾਵ ਕਿ ਮਾਰਚ ਦੇ ਪਰਚੇ ਵਿਚ ਛਪਣ ਲਈ ਸੂਚਨਾ ਇਕ ਫਰਵਰੀ ਤੱਕ ਪਹੁੰਚ ਜਾਣੀ ਚਾਹੀਦੀ ਹੈ। ਇਸ ਤੋਂ ਬਾਅਦ ਪਹੁੰਚਣ ਵਾਲੀ ਸੂਚਨਾ ਕਿਸੇ ਵੀ ਹਾਲਤ ਵਿੱਚ ਛਪ ਨਹੀਂ ਸਕੇਗੀ। 2 ਸੂਰਾ ਵਿੱਚ ਛਾਪਣ ਲਈ ਕੋਈ ਵੀ ਸੂਚਨਾ ਸਿੱਧੀ 'ਸੂਰਾ' ਦਫ਼ਤਰ ਭੇਜੋ ਜਾਂ ਕੀਰਤਨ ਸਮਾਗਮਾਂ ਤੇ ਸੂਰਾ ਸਟਾਲ ਤੇ ਨੋਟ ਕਰਵਾਓ। ਹੋਰ ਕਿਸੇ ਵਿਅਕਤੀ ਵਿਸ਼ੇਸ਼ ਨੂੰ ਭੇਜੀ ਸੂਚਨਾ ਨਾ ਛਪਣ ਤੇ ਸੂਰਾ ਦਫ਼ਤਰ ਜਿੰਮੇਵਾਰ ਨਹੀਂ ਹੋਵੇਗਾ। ਸੰਪਾਦਕ

### ਚੰਡੀਗੜ੍ਹ ਵਿਖੇ ਭਾਈ ਹਜ਼ੂਰਾ ਸਿੰਘ ਜੀ ਦੀ ਯਾਦ ਵਿਚ ਰੈਣਿ ਸਬਾਈ ਕੀਰਤਨ

ਪੁਰਾਤਨ ਗੁਰਸਿੱਖ, ਨਾਮਰਸੀਏ ਤੇ ਅਖੰਡ ਪਾਠੀ ਭਾਈ ਹਜ਼ੂਰਾ ਸਿੰਘ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੈਕਟਰ 34 ਵਿਖੇ 4-1-97 ਸ਼ਾਮ 7 ਵਜੇ ਤੋਂ 5-1-97 ਸਵੇਰ ਤੱਕ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖ਼ਸ਼ੋ ਜੀ। ਅਖੰਡ ਕੀਰਤਨੀ ਜੱਥਾ ਚੰਡੀਗੜ੍ਹ।

ਮਾਸਿਕ ਰੈਣਿ ਸਬਾਈ ਕੀਰਤਨ ਪਿੰਡ ਖੱਟੜਾ ਨੇੜੇ ਰਾੜਾ ਸਾਹਿਬ (ਲੁਧਿਆਣਾ) ਵਿਖੇ 11 ਜਨਵਰੀ ਰਾਤ ਨੂੰ।

### ਲੁਧਿਆਣਾ ਵਿਖੇ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ

ਹਰ ਸਾਲ ਦੀ ਤਰ੍ਹਾਂ ਦਸ਼ਮੇਸ਼ ਪ੍ਰਕਾਸ਼ ਉਤਸਵ ਤੇ ਅਖੰਡ ਕੀਰਤਨੀ ਜੱਥਾ ਲੁਧਿਆਣਾ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਗੁ: ਸਿੰਘ ਸਭਾ ਮਾਡਲ ਟਾਊਨ ਵਿਖੇ 12 ਜਨਵਰੀ ਤੋਂ 16 ਜਨਵਰੀ ਸਵੇਰ ਤੱਕ ਸਮਾਗਮ ਰਚਾਏ ਜਾ ਰਹੇ ਹਨ ਜਿਸ ਦਾ ਵੇਰਵਾ ਸੂਰਾ ਦਸੰਬਰ ਅੰਕ ਵਿਚ ਛਪ ਚੁੱਕਾ ਹੈ। ਸਮੂਹ ਸੰਗਤਾਂ ਹੁੰਮ ਹੁਮਾ ਕੇ ਸਮਾਗਮਾਂ ਦੀਆਂ ਹਾਜ਼ਰੀਆਂ ਭਰ ਕੇ ਦਾਸਾਂ ਨੂੰ ਕ੍ਰਿਤਾਰਥ ਕਰੋ ਤੇ ਹਰ ਜਸ ਦੇ ਲਾਹੇ ਲੁੱਟੋ ਜੀ।

### U. K. ਵਿਖੇ ਰੈਣਿ ਸਬਾਈ ਕੀਰਤਨ

.. ਜਨਵਰੀ 1997 ਰੈਣਿ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ 31-32 Cumberland Road, Reading, Berks (U.K.) Tel. Gurd. 01734-623836 ਭਾਈ ਗੁਰਨਾਮ ਸਿੰਘ Tel. 01734-267900 ਭਾਈ ਸੁਰਜਨ ਸਿੰਘ 01734-874153

### ਪਿੰਡ ਝਾਂਡੇ (ਜਿਲ੍ਹਾ ਲੁਧਿਆਣਾ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਹਰ ਸਾਲ ਵਾਂਗ ਇਸ ਸਾਲ ਵੀ ਡਾ. ਗੁਰਚਰਨ ਸਿੰਘ ਦੇ ਗ੍ਰਹਿ ਵਿਖੇ ਦਿਵਸ ਸੁਹੇਲਾ ਕੀਰਤਨ ਸਮਾਗਮ 2 ਫਰਵਰੀ ਐਤਵਾਰ ਸਵੇਰ ਤੋਂ ਦੁਪਹਿਰ ਤੱਕ ਹੋਣਗੇ।

### ਬਠਿੰਡਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਤੇ ਅੰਮ੍ਰਿਤ ਸੰਚਾਰ

28-1-97 ਸਵੇਰੇ 3 ਤੋਂ 6 ਵਜੇ ਤੱਕ ਕੀਰਤਨ ਆਸਾ ਦੀ ਵਾਰ ਉਪਰੰਤ ਆਰੰਭ ਪਾਠ ਸਾਹਿਬ ਗੁ: ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਵਿਖੇ।

30-1-97 ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ ਗੁ: ਸਿੰਘ ਸਭਾ ਵਿਖੇ।
ਸ਼ਾਮ 5 ਤੋਂ 8.30 ਅਖੰਡ ਕੀਰਤਨ ਗੁ: ਸਿਵਲ ਸਟੇਸ਼ਨ ਵਿਖੇ।

31-1-97 ਸਵੇਰੇ 6.00 ਤੋਂ 12 ਅਖੰਡ ਕੀਰਤਨ ਗੁ: ਕਿਲਾ ਮੁਬਾਰਕ ਪਾ-੧੦ਵੀਂ ਵਿਖੇ
ਸ਼ਾਮ 5 ਤੋਂ 8.30 ਥਰਮਲ ਕਲੋਨੀ ਵਿਖੇ।

1-2-97 ਸਵੇਰੇ 6 ਤੋਂ 12 ਵਜੇ ਤੱਕ ਅਖੰਡ ਕੀਰਤਨ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ।
ਸ਼ਾਮ 7 ਵਜੇ ਆਰੰਭ ਰੈਣਿ ਸਬਾਈ ਕੀਰਤਨ ਗੁ: ਸਿੰਘ ਸਭਾ ਵਿਖੇ।

2-2-97 ਸਵੇਰ ਭੋਗ ਰੈਣਿ ਸਬਾਈ ਕੀਰਤਨ।

ਅੰਮ੍ਰਿਤ ਸੰਚਾਰ : 1-2-97 ਸ਼ਾਮ 6 ਵਜੇ ਅੰਮ੍ਰਿਤ ਸੰਚਾਰ ਸਮਾਗਮ ਗੁ: ਸਿੰਘ ਸਭਾ ਵਿਖੇ ਆਰੰਭ ਹੋਣਗੇ।

ਨੋਟ :- 1. ਰਿਹਾਇਸ਼ ਤੇ ਲੰਗਰ ਗੁ: ਸਿੰਘ ਸਭਾ ਵਿਖੇ।
2. ਤਖ਼ਤ ਦਮਦਮਾ ਸਾਹਿਬ ਜਾਣ ਵਾਸਤੇ ਗੱਡੀ ਦਾ ਇੰਤਜ਼ਾਮ ਗੁ: ਸਿੰਘ ਸਭਾ ਵਿਖੇ ਹੋਵੇਗਾ।

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org